# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਸਰੀ 'ਚ ਮਹਾਨ ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਜੀਵਨ 'ਤੇ ਆਧਾਰਿਤ ਦਸਤਾਵੇਜ਼ੀ ਫਿਲਮ 'ਕੰਵਲ' ਦਾ ਪ੍ਰਦਰਸ਼ਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 02 ਜੂਨ: 'ਮਾਂ ਬੋਲੀ ਫਿਲਮ ਮੇਲਾ ਕੈਨੇਡਾ' ਵੱਲੋਂ ਬੀਤੇ ਦਿਨੀਂ ਸਟਰਾਅਬੇਰੀ ਹਿਲ, ਸਰੀ ਵਿਖੇ ਪੰਜਾਬੀ ਦੇ ਮਹਾਨ ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਜੀਵਨ ਅਤੇ ਰਚਨਾਵਾਂ 'ਤੇ ਆਧਾਰਿਤ ਦਸਤਾਵੇਜ਼ੀ ਫਿਲਮ 'ਕੰਵਲ' ਦਿਖਾਈ ਗਈ। ਮਾਡਰੇਟਰ ਨਵਲਪ੍ਰੀਤ ਰੰਗੀ ਦੇ ਵਿਸ਼ੇਸ਼ ਯਤਨਾਂ ਸਦਕਾ ਕਰਵਾਏ ਗਏ ਇਸ ਸਮਾਗਮ ਵਿੱਚ ਸਰੀ ਦੇ ਨਾਮਵਰ ਲੇਖਕਾਂ, ਸਾਹਿਤਕਾਰਾਂ ਅਤੇ ਕਲਾ ਪ੍ਰੇਮੀਆਂ ਨੇ ਸ਼ਿਰਕਤ ਕੀਤੀ।

ਦਸਤਾਵੇਜ਼ੀ ਫਿਲਮ ਵਿਚ ਬਾਖੂਬੀ ਦਰਸਾਇਆ ਗਿਆ ਕਿ ਜਸਵੰਤ ਸਿੰਘ ਕੰਵਲ ਪੰਜਾਬੀ ਦੇ ਉਹ ਸਿਰਮੌਰ ਸਾਹਿਤਕਾਰ ਸਨ, ਜਿਨ੍ਹਾਂ ਨੇ ਸੱਤ ਦਹਾਕਿਆਂ ਤੋਂ ਵੱਧ ਸਮੇਂ ਤੱਕ ਪੰਜਾਬੀ ਮਾਂ-ਬੋਲੀ ਦੀ ਸੇਵਾ ਕੀਤੀ ਅਤੇ 'ਪੂਰਨਮਾਸ਼ੀ', 'ਰਾਤ ਬਾਕੀ ਹੈ' ਤੇ 'ਲਹੂ ਦੀ ਲੋਅ' ਵਰਗੇ ਚਰਚਿਤ ਨਾਵਲਾਂ ਰਾਹੀਂ ਪੰਜਾਬ ਦੇ ਪੇਂਡੂ ਜੀਵਨ, ਕਿਸਾਨੀ ਸੰਕਟ, ਸੱਭਿਆਚਾਰ ਅਤੇ ਸਮਾਜਿਕ-ਰਾਜਨੀਤਿਕ ਚੇਤਨਾ ਨੂੰ ਬਾਖੂਬੀ ਉਭਾਰਿਆ। ਉਹ ਮਹਿਜ਼ ਇੱਕ ਗਲਪਕਾਰ ਨਹੀਂ ਸਨ, ਬਲਕਿ ਪੰਜਾਬੀ ਲੋਕ-ਮਾਨਸ ਦੇ ਸੱਚੇ ਤਰਜਮਾਨ ਸਨ, ਜਿਨ੍ਹਾਂ ਦੀ ਲੇਖਣੀ ਨੇ ਪੰਜਾਬ ਦੀਆਂ ਕਈ ਪੀੜ੍ਹੀਆਂ ਨੂੰ ਪ੍ਰਭਾਵਿਤ ਕੀਤਾ।

ਫਿਲਮ ਦੇਖਣ ਉਪਰੰਤ ਆਪਣੇ ਵਿਚਾਰ ਪ੍ਰਗਟ ਕਰਦਿਆਂ ਪ੍ਰਸਿੱਧ ਸ਼ਾਇਰ ਮੋਹਨ ਗਿੱਲ, ਭੁਪਿੰਦਰ ਮੱਲ੍ਹੀ, ਗੁਰਬਾਜ ਸਿੰਘ ਬਰਾੜ, ਨਿਰੰਜਨ ਸਿੰਘ ਲਹਿਲ, ਡਾ. ਰਘਬੀਰ ਸਿੰਘ ਸਿਰਜਣਾ ਅਤੇ ਸ਼ਾਇਰ ਜਸਵਿੰਦਰ ਨੇ ਇਸ ਫਿਲਮ ਦੇ ਬਿਹਤਰੀਨ ਨਿਰਮਾਣ ਲਈ ਇਸ ਦੇ ਨਿਰਦੇਸ਼ਕ ਕੁਲਜੀਤ ਸਿੰਘ ਨੂੰ ਮੁਬਾਰਕਬਾਦ ਦਿੱਤੀ। ਬੁਲਾਰਿਆਂ ਨੇ ਜਸਵੰਤ ਸਿੰਘ ਕੰਵਲ ਨਾਲ ਜੁੜੀਆਂ ਆਪਣੀਆਂ ਨਿੱਘੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਕੰਵਲ ਸਾਹਿਬ ਨੇ ਆਪਣੇ ਨਾਵਲਾਂ ਵਿਚ ਭਰਪੂਰ ਪੇਂਡੂ ਪੰਜਾਬੀ ਸਭਿਆਚਾਰ ਨੂੰ ਸਾਕਾਰ ਕੀਤਾ ਹੈ ਅਤੇ ਉਨ੍ਹਾਂ ਦੇ ਸਾਹਿਤ ਦੀ ਅਣਹੋਂਦ ਵਿਚ ਅਸੀਂ ਪੰਜਾਬ ਦੇ ਅਸਲ ਰੂਪ, ਇਸ ਦੀ ਮਿੱਟੀ ਦੀ ਮਹਿਕ ਅਤੇ ਇਸ ਦੇ ਸੰਘਰਸ਼ਾਂ ਨੂੰ ਮੁਕੰਮਲ ਰੂਪ ਵਿਚ ਨਹੀਂ ਜਾਣ ਸਕਦੇ।

ਇਸ ਮੌਕੇ ਦਿੱਲੀ ਤੋਂ ਵਟਸਐਪ ਵੀਡੀਓ ਕਾਲ ਰਾਹੀਂ ਦਰਸ਼ਕਾਂ ਨਾਲ ਸਿੱਧੇ ਜੁੜੇ ਫਿਲਮ ਦੇ ਨਿਰਦੇਸ਼ਕ ਕੁਲਜੀਤ ਸਿੰਘ ਨੇ ਦਰਸ਼ਕਾਂ ਦੇ ਮਨਾਂ ਵਿੱਚ ਉਪਜੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਇਸ ਫਿਲਮ ਨੂੰ ਬਣਾਉਣ ਲਈ ਕੀਤੀ ਗਈ ਸਖ਼ਤ ਮਿਹਨਤ ਅਤੇ ਅਨੁਭਵ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਜਸਵੰਤ ਸਿੰਘ ਕੰਵਲ ਬਾਰੇ ਦਸਤਾਵੇਜ਼ੀ ਫਿਲਮ ਬਣਾਉਣ ਦਾ ਉਪਰਾਲਾ ਉਨ੍ਹਾਂ ਨੇ ਇਸ ਲਈ ਕੀਤਾ ਕਿ ਜਿਸ ਤਰ੍ਹਾਂ ਰਵਿੰਦਰ ਨਾਥ ਟੈਗੋਰ ਅਤੇ ਸਾਅਦਤ ਹਸਨ ਮੰਟੋ ਵਰਗੇ ਮਹਾਨ ਸਾਹਿਤਕਾਰਾਂ ਬਾਰੇ ਸਾਰੀ ਦੁਨੀਆ ਜਾਣਦੀ ਹੈ, ਉਸੇ ਤਰ੍ਹਾਂ ਪੰਜਾਬੀ ਦੇ ਇਸ ਅਜ਼ੀਮ ਨਾਵਲਕਾਰ ਬਾਰੇ ਵੀ ਵਿਸ਼ਵ ਪੱਧਰ 'ਤੇ ਅਜਿਹੀ ਦਸਤਾਵੇਜ਼ੀ ਬਣਨੀ ਚਾਹੀਦੀ ਹੈ ਤਾਂ ਜੋ ਦੁਨੀਆ ਭਰ ਦੇ ਸਾਹਿਤ ਪ੍ਰੇਮੀਆਂ ਨੂੰ ਉਨ੍ਹਾਂ ਦੇ ਜੀਵਨ, ਲਾਸਾਨੀ ਯੋਗਦਾਨ ਅਤੇ ਰਚਨਾਵਾਂ ਬਾਰੇ ਭਰਪੂਰ ਜਾਣਕਾਰੀ ਮਿਲ ਸਕੇ।

ਦਰਸ਼ਕਾਂ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਕੰਵਲਜੀਤ ਸਿੰਘ ਮਾਨਾਂਵਾਲਾ, ਧਰਮ ਸਿੰਘ ਪਨੇਸਰ, ਮੋਤਾ ਸਿੰਘ ਝੀਤਾ, ਅੰਗਰੇਜ਼ ਬਰਾੜ, ਹਰਦਮ ਸਿੰਘ ਮਾਨ ਸਮੇਤ ਸਾਹਿਤ ਅਤੇ ਕਲਾ ਜਗਤ ਨਾਲ ਜੁੜੀਆਂ ਕਈ ਪ੍ਰਮੁੱਖ ਸ਼ਖਸੀਅਤਾਂ ਸ਼ਾਮਿਲ ਸਨ। ਸਮਾਗਮ ਦੇ ਅੰਤ ਵਿੱਚ ਨਵਲਪ੍ਰੀਤ ਰੰਗੀ ਨੇ ਪਹੁੰਚੇ ਹੋਏ ਸਾਰੇ ਮਹਿਮਾਨਾਂ ਅਤੇ ਦਰਸ਼ਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਅਕਾਲ ਅਕੈਡਮੀ ਮਸਤੂਆਣਾ ਸਾਹਿਬ ਵਿਖੇ ਬਾਰਵੀਂ ਜਮਾਤ ਦੇ ਹੋਣਹਾਰ ਵਿਦਿਆਰਥੀਆਂ ਲਈ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ

ਵਰਲਡ ਪੰਜਾਬੀ ਟਾਈਮਜ਼

ਮਸਤੂਆਣਾ ਸਾਹਿਬ, 2 ਜੂਨ : ਸੰਤ ਅਤਰ ਸਿੰਘ ਅਕਾਲ ਅਕੈਡਮੀ, ਮਸਤੂਆਣਾ ਸਾਹਿਬ ਵਿਖੇ ਸੀ.ਬੀ.ਐੱਸ.ਈ. (CBSE) ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਸਕੂਲ ਪਰਿਵਾਰ ਵੱਲੋਂ ਬਹੁਤ ਹੀ ਮਾਣ ਅਤੇ ਖੁਸ਼ੀ ਨਾਲ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ। ਇਸ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ ਬੀਬਾ ਗਗਨਦੀਪ ਕੌਰ ਢੀਂਡਸਾ ਨੇ ਮੁੱਖ ਮਹਿਮਾਨ ਵਜੋਂ ਅਤੇ ਸਕੱਤਰ ਸ. ਜਸਵੰਤ ਸਿੰਘ ਖਹਿਰਾ, ਸੀਨੀਅਰ ਮੈਂਬਰ ਗੁਰਜੰਟ ਸਿੰਘ ਗਿੱਲ,ਡਾ.ਸੁਮੀਤ ਗਰੇਵਾਲ, ਡਾ. ਸੁਖਦੀਪ ਕੌਰ ਸਿੱਧੂ, ਡਾ. ਹਰਪਾਲ ਕੌਰ, ਡਾ. ਜੋਤੀ ਗੁਪਤਾ (ਸੀ. ਟੀ. ਯੂਨੀਵਰਸਿਟੀ), ਹਰਿੰਦਰ ਸਿੰਘ (ਸੀ. ਟੀ. ਯੂਨੀਵਰਸਿਟੀ) ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਹੋਣਹਾਰ ਵਿਦਿਆਰਥੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਿੱਜੀ ਤੌਰ 'ਤੇ ਵਧਾਈ ਦਿੱਤੀ। ਇਸ ਗੌਰਵਮਈ ਸਮਾਰੋਹ ਦੌਰਾਨ ਸਕੂਲ ਮੈਨੇਜਮੈਂਟ, ਅਧਿਆਪਕ ਸਾਹਿਬਾਨ ਅਤੇ ਮਾਪਿਆਂ ਨੇ ਹਾਜ਼ਰ ਹੋ ਕੇ ਸੰਸਥਾ ਦਾ ਨਾਮ ਰੌਸ਼ਨ ਕਰਨ ਵਾਲੇ ਬੱਚਿਆਂ ਦੀ ਸਖ਼ਤ ਮਿਹਨਤ ਦੀ ਭਰਪੂਰ ਸ਼ਲਾਘਾ ਕੀਤੀ। ਸਮਾਰੋਹ ਦੌਰਾਨ ਅਕੈਡਮੀ ਵਿੱਚੋਂ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਟਰਾਫੀਆਂ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਨਿਵਾਜਿਆ ਗਿਆ, ਜਿਨ੍ਹਾਂ ਵਿੱਚ ਹਰਪ੍ਰਤਾਪ ਸਿੰਘ ਗਿੱਲ ਨੇ 93.8% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਨੀਲਪ੍ਰੀਤ ਕੌਰ ਨੇ 92.2% ਅੰਕਾਂ ਨਾਲ ਦੂਜਾ ਅਤੇ ਮਨਦੀਪ ਕੌਰ ਨੇ 89.6% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ। ਇਨ੍ਹਾਂ ਤੋਂ ਇਲਾਵਾ, 80% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 19 ਵਿਦਿਆਰਥੀਆਂ ਅਤੇ ਵੱਖ-ਵੱਖ ਵਿਸ਼ਿਆਂ ਵਿੱਚ ਮੋਹਰੀ ਰਹਿਣ ਵਾਲੇ ਬੱਚਿਆਂ ਨੂੰ ਵੀ ਮੁੱਖ ਮਹਿਮਾਨ ਵੱਲੋਂ ਸਟੇਜ 'ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ, ਸੀ. ਟੀ. ਯੂਨੀਵਰਸਿਟੀ ਦੇ ਅਹੁਦੇਦਾਰ ਮੈਡਮ



ਜੋਤੀ ਗੁਪਤਾ ਵੱਲੋਂ ਵੀ ਪਹਿਲੇ ਦਰਜੇ ਵਿੱਚ ਬਾਰਵੀਂ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ, ਮੈਡਲ ਅਤੇ ਕਿੱਟ ਨਾਲ ਸਨਮਾਨਿਤ ਕੀਤਾ ਗਿਆ ਅਤੇ ਭਵਿੱਖ ਵਿੱਚ ਹੋਰ ਉਪਲੱਬਧੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਬੀਬਾ ਗਗਨਦੀਪ ਕੌਰ ਢੀਂਡਸਾ ਨੇ ਬਹੁਤ ਹੀ ਪ੍ਰੇਰਨਾਦਾਇਕ ਸ਼ਬਦ ਕਹੇ। ਉਨ੍ਹਾਂ ਕਿਹਾ ਕਿ ਸਫ਼ਲਤਾ ਦਾ ਕੋਈ ਸ਼ਾਰਟਕੱਟ ਨਹੀਂ ਹੁੰਦਾ, ਇਹ ਸਿਰਫ਼ ਸਖ਼ਤ ਮਿਹਨਤ, ਸਵੈ-ਅਨੁਸ਼ਾਸਨ ਅਤੇ ਸੱਚੀ ਲਗਨ ਨਾਲ ਹੀ ਹਾਸਲ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਬੱਚਿਆਂ ਨੂੰ ਭਵਿੱਖ ਵਿੱਚ ਉੱਚੇ ਟੀਚੇ ਮਿੱਥਣ ਅਤੇ ਦੇਸ਼-ਕੌਮ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਿਣ ਲਈ ਪ੍ਰੇਰਿਤ ਕੀਤਾ। ਬੀਬਾ ਢੀਂਡਸਾ ਜੀ ਨੇ ਸ਼ਾਨਦਾਰ ਨਤੀਜੇ ਲਈ ਅਕੈਡਮੀ ਦੇ ਪ੍ਰਬੰਧਕਾਂ ਅਤੇ ਅਧਿਆਪਕਾਂ ਦੀ ਪ੍ਰਸ਼ੰਸਾ ਵੀ ਕੀਤੀ।ਸਮਾਗਮ ਦੌਰਾਨ ਸਕੱਤਰ ਸ. ਜਸਵੰਤ ਸਿੰਘ ਖਹਿਰਾ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਦੀ ਮਿਹਨਤ ਤੇ ਅਧਿਆਪਕਾਂ ਦੇ ਸਹਿਯੋਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਨਤੀਜੇ ਆਧੁਨਿਕ ਵਿਗਿਆਨਕ ਸਿੱਖਿਆ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਦੇ ਸੁਮੇਲ ਦਾ ਪ੍ਰਤੀਕ ਹਨ। ਪ੍ਰਿੰਸੀਪਲ ਸ਼੍ਰੀ ਵਿਜੇ ਪਲਾਹਾ ਨੇ ਮੁੱਖ ਮਹਿਮਾਨ ਬੀਬਾ ਗਗਨਦੀਪ ਕੌਰ ਢੀਂਡਸਾ ਜੀ ਦਾ ਧੰਨਵਾਦ ਕਰਦਿਆਂ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਅਨੁਸ਼ਾਸਨ ਤੇ ਇਮਾਨਦਾਰੀ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਖਾਸ ਤੌਰ 'ਤੇ ਦੱਸਿਆ ਕਿ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ ਬਹੁਤ ਹੀ ਸ਼ਾਨਦਾਰ ਅੰਕ ਹਾਸਲ ਕੀਤੇ ਹਨ, ਜਿਵੇਂ ਕਿ ਅੰਗਰੇਜ਼ੀ ਵਿੱਚੋਂ 100 ਵਿੱਚੋਂ 100 ਅੰਕ ਅਤੇ ਪੰਜਾਬੀ ਵਿੱਚੋਂ 99 ਅੰਕ ਪ੍ਰਾਪਤ ਕੀਤੇ ਹਨ। ਉਨ੍ਹਾਂ ਨੇ ਅਕੈਡਮੀ 'ਤੇ ਹਮੇਸ਼ਾ ਭਰੋਸਾ ਜਤਾਉਣ ਲਈ ਸਮੂਹ ਮਾਪਿਆਂ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ। ਸਮਾਗਮ ਦੇ ਅੰਤ ਵਿੱਚ ਮੈਡਮ ਮਨਪ੍ਰੀਤ ਕੌਰ ਨੇ ਸਭ ਦਾ ਧੰਨਵਾਦ ਕੀਤਾ। ਵਿਦਿਆਰਥੀਆਂ ਨੇ ਆਪਣੀ ਸਫਲਤਾ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ ਅਤੇ ਆਪਣੇ ਸਕੂਲ, ਅਧਿਆਪਕਾਂ ਤੇ ਮਾਪਿਆਂ ਦਾ ਧੰਨਵਾਦ ਕੀਤਾ। ਅਕੈਡਮੀ ਦੇ ਹੋਣਹਾਰ ਸਿਤਾਰਿਆਂ ਨੇ ਮੁੱਖ ਮਹਿਮਾਨ, ਆਪਣੇ ਅਧਿਆਪਕਾਂ ਅਤੇ ਮਾਪਿਆਂ ਨਾਲ ਯਾਦਗਾਰੀ ਗਰੁੱਪ ਫੋਟੋਆਂ ਖਿਚਵਾਈਆਂ ਅਤੇ ਇਸ ਵਿਚਾਰ-ਚਰਚਾ ਨਾਲ ਇਸ ਯਾਦਗਾਰੀ ਦਿਨ ਦੀ ਸਮਾਪਤੀ ਹੋਈ।

## ਪੀ.ਏ.ਯੂ. ਵਿਖੇ ਭੋਜਨ ਅਤੇ ਖੇਤੀਬਾੜੀ ਵਿਭਾਗ ਦੀ ਰਾਸ਼ਟਰ ਪੱਧਰੀ ਕਮੇਟੀ ਦੀ ਦੋ ਰੋਜ਼ਾ ਮੀਟਿੰਗ ਦੌਰਾਨ ਖੇਤੀ ਮਸ਼ੀਨਰੀ ਪ੍ਰਦਰਸ਼ਿਤ ਹੋਈ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 2 ਜੂਨ : ਪੀ.ਏ.ਯੂ. ਦੇ ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ ਵਿਚ ਭੋਜਨ ਅਤੇ ਖੇਤੀਬਾੜੀ ਵਿਭਾਗ ਦੇ ਭਾਰਤੀ ਸਟੈਂਡਰਡਜ਼ ਬਿਊਰੋ ਦੀ ਦੂਸਰੀ ਕਮੇਟੀ ਮੀਟਿੰਗ ਦੋ ਦਿਨਾਂ ਲਈ ਕਰਵਾਈ ਗਈ| ਇਸ ਮੀਟਿੰਗ ਦਾ ਮੁੱਖ ਮੰਤਵ ਪਰਾਲੀ ਦੀ ਸੰਭਾਲ ਦੇ ਨਾਲ-ਨਾਲ ਕਣਕ ਦੀ ਬਿਜਾਈ ਵਾਲੀ ਮਸ਼ੀਨਰੀ ਦੀ ਪਰਖ ਅਤੇ ਮਾਨਕਤਾ ਨਿਰਧਾਰਤ ਕਰਨਾ ਸੀ| ਇਸ ਵਿਚ ਬਿਊਰੋ ਦੇ ਮੈਂਬਰ ਸਕੱਤਰ ਇੰਜ: ਵਿਕਰਾਂਤ ਚੌਹਾਨ, ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ, ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਸ਼ਾਮਿਲ ਹੋਏ| ਵਾਈਸ ਚਾਂਸਲਰ ਡਾ. ਗੋਸਲ ਨੇ ਪੰਜਾਬ ਅਤੇ ਭਾਰਤ ਦੀ ਖੇਤੀ ਮਸ਼ੀਨਰੀ ਦੇ ਵਿਕਾਸ ਵਿਚ ਪੀ.ਏ.ਯੂ. ਦੇ ਯੋਗਦਾਨ ਬਾਰੇ ਗੱਲ ਕਰਦਿਆਂ ਪੰਜਾਬ ਦੇ ਅਨਾਜ ਉਤਪਾਦਨ ਅਤੇ ਸਮੇਂ ਸਿਰ ਫਸਲ ਸੰਭਾਲ ਦੇ ਖੇਤਰ ਵਿਚ ਇਸ ਮਸ਼ੀਨਰੀ ਦੇ ਮਹੱਤਵ ਨੂੰ ਨਿਰਧਾਰਤ ਕੀਤਾ| ਉਹਨਾਂ ਕਿਹਾ ਕਿ ਰਾਸ਼ਟਰੀ ਪੱਧਰ ਤੇ ਉਪਲੱਬਧ ਵਿਕਸਿਤ ਖੇਤੀ ਮਸ਼ੀਨਰੀ ਵਿੱਚੋਂ ਅੱਧਿਓ ਬਹੁਤੀ ਯੂਨੀਵਰਸਿਟੀ ਦੇ ਖੇਤੀ ਇੰਜਨੀਅਰਿੰਗ ਕਾਲਜ ਵੱਲੋਂ ਵਿਕਸਿਤ ਕੀਤੀ ਗਈ ਹੈ|




ਇਸ ਕਮੇਟੀ ਮੀਟਿੰਗ ਦਾ ਸੰਚਾਲਨ ਖੇਤੀ ਮਸ਼ੀਨਰੀ ਨਿਰਮਾਤਾ ਐਸੋਸੀਏਸ਼ਨ ਦੇ ਤਕਨੀਕੀ ਸਲਾਹਕਾਰ ਡਾ. ਸੁਰਿੰਦਰ ਸਿੰਘ ਨੇ ਕੀਤਾ| ਇਸ ਵਿਚ ਸ਼੍ਰੀ ਵਿਕਰਾਂਤ ਚੌਹਾਨ, ਡਾ. ਮਹੇਸ਼ ਕੁਮਾਰ ਨਾਰੰਗ, ਡਾ. ਅਨੂਪ ਕੁਮਾਰ ਦੀਕਸ਼ਤ, ਡਾ. ਮਨਪ੍ਰੀਤ ਸਿੰਘ, ਡਾ. ਰਾਜੇਸ਼ ਗੋਇਲ, ਡਾ. ਅਪੂਰਵ ਪ੍ਰਕਾਸ਼ ਅਤੇ ਇੰਜ: ਅਰਸ਼ਦੀਪ ਸਿੰਘ ਦੇ ਨਾਲ ਡਾ. ਅਜੇ ਸ਼ਰਮਾ ਨੇ ਭਾਗ ਲਿਆ| ਇਸ ਮੌਕੇ ਉੱਘੇ ਮਸ਼ੀਨਰੀ ਨਿਰਮਾਤਾ ਜਿਵੇਂ ਕੰਬੋਜ ਮਕੈਨੀਕਲ ਵਰਕਸ, ਰਮਦਾਸ ਅਤੇ ਮੈਸ. ਦਸ਼ਮੇਸ਼ ਮਕੈਨੀਕਲ ਵਰਕਸ ਪ੍ਰਾਈਵੇਟ ਲਿਮਿਟਡ ਅਮਰਗੜ੍ਹ ਨੇ ਵੀ ਭਾਗ ਲਿਆ| ਖੇਤੀ ਇੰਜਨੀਅਰਿੰਗ ਕਾਲਜ ਦੇ ਡੀਨ ਡਾ. ਮਨਜੀਤ ਸਿੰਘ ਨੇ ਬਦਲਦੀਆਂ ਖੇਤੀ ਲੋੜਾਂ ਵਿਚ ਬਦਲ ਰਹੀ ਮਸ਼ੀਨਰੀ ਅਤੇ ਇਸਦੇ ਸਰੂਪ ਬਾਰੇ ਕਾਲਜ ਵੱਲੋਂ ਕੀਤੀ ਜਾ ਰਹੀ ਖੋਜ ਉੱਪਰ ਚਾਨਣਾ ਪਾਇਆ|

ਕਮੇਟੀ ਮੀਟਿੰਗ ਦੇ ਦੂਜੇ ਦਿਨ ਪੰਜਾਬ ਰਾਜ ਦੇ ਉੱਘੇ ਖੇਤੀ ਮਸ਼ੀਨਰੀ ਨਿਰਮਾਤਾ ਮੀਟਿੰਗ ਵਿਚ ਸ਼ਾਮਿਲ ਹੋਏ| ਇਹਨਾਂ ਵਿਚ ਸ਼੍ਰੀ ਬਲਦੇਵ ਸਿੰਘ ਹੂੰਝਣ ਅਤੇ ਸ਼੍ਰੀ ਬਲਦੇਵ ਸਿੰਘ ਅਮਰ ਪ੍ਰਮੁੱਖ ਹਨ| ਪੰਜਾਬ ਰਾਜ ਖੇਤੀ ਔਜ਼ਾਰ ਨਿਰਮਾਤਾ ਐਸੋਸੀਏਸ਼ਨ ਵੱਲੋਂ ਮਸ਼ੀਨਰੀ ਨਾਲ ਸੰਬੰਧਿਤ ਮਸਲਿਆਂ ਬਾਰੇ ਖੁੱਭ ਕੇ ਵਿਚਾਰ-ਚਰਚਾ ਕੀਤੀ ਗਈ| ਡਾ. ਸੁਰਿੰਦਰ ਸਿੰਘ ਨੇ ਇਸ ਮੀਟਿੰਗ ਲਈ ਮੰਚ ਮੁਹੱਈਆ ਕਰਨ ਵਾਸਤੇ ਪੀ.ਏ.ਯੂ. ਦਾ ਧੰਨਵਾਦ ਕੀਤਾ|

## ਸਾਹਿਤ ਵਿਗਿਆਨ ਕੇਂਦਰ ਦਾ ਮਹੀਨੇਵਾਰ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼



ਮੁਹਾਲੀ 2 ਜੂਨ : ਸਾਹਿਤ ਵਿਗਿਆਨ ਕੇਂਦਰ ਦੀ ਮਾਸਿਕ ਇਕੱਤਰਤਾ ਰੋਟਰੀ ਕਲੱਬ ਸੈਕਟਰ 70 ਮੁਹਾਲੀ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਸ਼੍ਰੋਮਣੀ ਪੱਤਰਕਾਰ ਕਮਲਜੀਤ ਸਿੰਘ ਬਨਵੈਤ ਜੀ ਵੱਲੋਂ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਸ਼ਾਇਰਾ ਪਰਮਜੀਤ ਕੌਰ ਪਰਮ,ਡਾ. ਅਵਤਾਰ ਸਿੰਘ ਪਤੰਗ, ਗੁਰਦਰਸ਼ਨ ਸਿੰਘ ਮਾਵੀ ਅਤੇ ਦਵਿੰਦਰ ਕੌਰ ਢਿੱਲੋਂ ਸ਼ਾਮਲ ਸਨ।

ਕੇਂਦਰ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਨੇ ਅੱਜ ਦੇ ਸਮਾਗਮ ਦੀ ਰੂਪ-ਰੇਖਾ ਬਾਰੇ ਅਤੇ ਨਵੇਂ ਉਲੀਕੇ ਪ੍ਰੋਗਰਾਮਾਂ ਬਾਰੇ ਚਾਨਣਾ ਪਾਇਆ ਤੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ।ਕਵੀ ਦਰਬਾਰ ਦਾ ਆਗਾਜ਼ ਰਾਜਵਿੰਦਰ ਸਿੰਘ ਗੱਡੂ ਦੁਆਰਾ ਗਰਮੀਆਂ ਦੀਆਂ ਛੁੱਟੀਆਂ ਨਾਲ ਸਬੰਧਤ ਰਚਨਾ ਨਾਲ ਹੋਇਆ ।

ਡਾ. ਅਨਿਲ ਬਹਿਲ,ਸੁਮਨ ਰਾਣੀ,ਪ੍ਰਤਾਪ ਪਾਰਸ, ਸੁਰਿੰਦਰ ਕੁਮਾਰ ਅਤੇ ਗੁਰਿੰਦਰ ਗੌਰੀ ਨੇ ਧੀਆਂ ਨੂੰ ਸਮਰਪਿਤ ਰਚਨਾਵਾਂ ਪੇਸ਼ ਕੀਤੀਆਂ । ਸੁਰਜੀਤ ਸਿੰਘ ਧੀਰ ਅਤੇ ਸ਼ਰਨਜੀਤ ਨਯੀਅਰ ਨੇ ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਤਰੰਨਮ ਵਿੱਚ ਸੁਣਾਈਆਂ। ਬਲਵਿੰਦਰ ਢਿੱਲੋਂ ਨੇ ਹੀਰ ਵਾਰਿਸ ਸ਼ਾਹ ਅਤੇ ਮਲਕੀਤ ਨਾਗਰਾ ਨੇ ਬੰਦਾ ਸਿੰਘ ਬਹਾਦਰ ਦੀ ਵਾਰ ਬਹੁਤ ਬੁਲੰਦ ਅਵਾਜ਼ ਨਾਲ ਸਰੋਤਿਆਂ ਦੇ ਸਨਮੁੱਖ ਕੀਤੀ ।ਸੁਦਰਸ਼ਨ ਕੌਰ ਮਝੈਲ ਅਤੇ ਲਾਭ ਸਿੰਘ ਲਹਿਲੀ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਬੰਧਿਤ ਰਚਨਾਵਾਂ ਸਭ ਦੀ ਨਜ਼ਰ ਕੀਤੀਆਂ ।ਮੰਦਰ ਗਿੱਲ ,ਡਾ. ਰੁਪਿੰਦਰ ਕੌਰ,ਮਨਦੀਪ ਕੌਰ ਸੋਹਲ ਅਤੇ ਸੁਖਦੇਵ ਸਿੰਘ ਕਾਹਲੋਂ ਨੇ ਪੰਜਾਬ ਅਤੇ ਕਿਸਾਨਾਂ ਦਾ ਦਰਦ ਬਿਆਨ ਕਰਦੀਆਂ ਨਜ਼ਮਾਂ ਨਾਲ ਹਾਜ਼ਰੀ ਲਵਾਈ ।ਨਰਿੰਦਰ ਕੌਰ ਲੌਂਗੀਆ ਨੇ ਆਪਣੀ ਕਵਿਤਾ ਰਾਹੀਂ ਪਿੰਡਾਂ ਦੇ ਪੁਰਾਣੇ ਸਮਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ ।ਰਤਨ ਬਾਬਕ ਵਾਲਾ ਅਤੇ ਬਾਬੂ ਰਾਮ ਦੀਵਾਨਾ ਨੇ ਆਪਣੀਆਂ ਰਚਨਾਵਾਂ ਵਿੱਚ ਪਰਦੇਸ ਗਏ ਬੱਚਿਆ ਅਤੇ ਮਾਪਿਆਂ ਦਾ ਦਰਦ ਬਿਆਨ ਕੀਤਾ। ਦਰਸ਼ਨ ਤਿਉਣਾ, ਚਰਨਜੀਤ ਕਲੇਰ,ਹਰਜੀਤ ਸਿੰਘ,ਅਵਨੀਤ ਕੌਰ ਅਤੇ ਸਰਬਜੀਤ ਸਿੰਘ ਪੱਡਾ ਨੇ ਬਹੁਤ ਹੀ ਖੂਬਸੂਰਤ ਗੀਤ ਸੁਣਾ ਕੇ ਵਾਹ ਵਾਹ ਖੱਟੀ। ਡਾ. ਸਤਿੰਦਰ ਸਿੰਘ ਬੇਦੀ ਅਤੇ ਜਯਾ ਸੂਦ ਨੇ ਜ਼ਿੰਦਗੀ ਦੇ ਵੱਖ ਵੱਖ ਰੰਗਾਂ ਨਾਲ ਸਬੰਧਤ ਕਵਿਤਾਵਾਂ ਪੇਸ਼ ਕੀਤੀਆਂ । ਜੋਗਾ ਸਿੰਘ ਨੇ ਸੁਰਜੀਤ ਪਾਤਰ ਜੀ ਦੀ ਰਚਨਾ ਅਤੇ ਪਰਮਜੀਤ ਸਿੰਘ ਨੇ ਇੱਕ ਧਾਰਮਿਕ ਗੀਤ ਨਾਲ ਹਾਜ਼ਰੀ ਲਵਾਈ।

ਪਿਆਰਾ ਸਿੰਘ ਰਾਹੀ,ਸੁਖਵਿੰਦਰ ਰਫ਼ੀਕ ਅਤੇ ਭਰਪੂਰ ਸਿੰਘ ਨੇ ਸਮਾਜਕ ਸਰੋਕਾਰਾਂ ਨਾਲ ਸਬੰਧਤ ਕਵਿਤਾਵਾਂ ਅਤੇ ਜੀਤੂ ਬੇਦੀ ਨੇ ਇੱਕ ਗੀਤ ਨਾਲ ਹਾਜ਼ਰੀ ਲਵਾਈ ।ਪ੍ਰਧਾਨਗੀ ਕਰ ਰਹੇ ਕਮਲਜੀਤ ਸਿੰਘ ਬਨਵੈਤ ਜੀ ਨੇ ਆਖਿਆ ਕਿ ਦਿਲ ਦੀ ਗੱਲ ਕਹਿਣ ਲਈ ਕਵਿਤਾ ਤੋਂ ਵਧੀਆ ਕੋਈ ਹੋਰ ਜ਼ਰੀਆ ਨਹੀਂ ਹੋ ਸਕਦਾ। ਇਸ ਤੋਂ ਇਲਾਵਾ ਆਪਣੇ ਪੱਤਰਕਾਰੀ ਅਤੇ ਕਿਤਾਬਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬੀ ਬੋਲੀ ਨੂੰ ਪ੍ਰਫੁੱਲਤ ਕਰਨ ਵਿੱਚ ਸਾਹਿਤ ਸਭਾਵਾਂ ਦਾ ਬੜਾ ਵੱਡਾ ਯੋਗਦਾਨ ਹੈ। ਪਰਮਜੀਤ ਕੌਰ ਪਰਮ ਨੇ ਆਪਣੇ ਪਸੰਦੀਦਾ ਸ਼ੇਅਰ ਸਭ ਦੀ ਨਜ਼ਰ ਕੀਤੇ। ਡਾ. ਅਵਤਾਰ ਸਿੰਘ ਪਤੰਗ ਨੇ ਕਿਹਾ ਕਿ ਇਸ ਕੇਂਦਰ ਦੀ ਖਾਸੀਅਤ ਹੈ ਕਿ ਹਰ ਕਵੀ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲਦਾ ਹੈ ਅਤੇ ਕਿਹਾ ਕਿ ਸਾਹਿਤਕਾਰ ਕੋਈ ਸਧਾਰਨ ਮਨੁੱਖ ਨਹੀਂ ਹੁੰਦੇ,ਉਹ ਸਮਾਜ ਦਾ ਖਾਸ ਹਿੱਸਾ ਹੁੰਦੇ ਹਨ। ਸਟੇਜ ਸੰਚਾਲਨ ਦਵਿੰਦਰ ਕੌਰ ਢਿੱਲੋਂ ਨੇ ਬਾਖੂਬੀ ਨਿਭਾਇਆ । ਅੰਸ਼ੁਕਰ ਮਹੇਸ਼,ਸੁਧੀਰ ਕੁਮਾਰ,ਤਿਲਕ ਸੇਠੀ ਅਤੇ ਡਾ. ਮਨਜੀਤ ਸਿੰਘ ਮਝੈਲ ਨੇ ਹਿੰਦੀ ਸ਼ੇਅਰਾਂ ਨਾਲ ਹਾਜ਼ਰੀ ਲਵਾਈ । ਇਸ ਤੋਂ ਇਲਾਵਾ ਡਾ. ਜਤਿੰਦਰ ਅਰੋੜਾ,ਗੀਤਕਾਰ ਬਲਜੀਤ ਫਿੱਡਿਆਂ ਵਾਲਾ,ਕੁਲਵਿੰਦਰ ਕੌਰ,ਵੈਸ਼ਾਲੀ,ਨਰਿੰਦਰ ਸਿੰਘ ਦੌੜਕਾ ਅਤੇ ਅਤਰ ਸਿੰਘ ਨੇ ਵੀ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ।

## 12ਵੀਂ ਜਮਾਤ ਦੇ ਨਤੀਜਿਆਂ ਮੁਤਾਬਕ ਪੰਜਾਬ ਦੀ ਮੈਰਿਟ ਸੂਚੀ ਵਿੱਚ ਸਥਾਨ ਹਾਸਲ ਕਰਨ ਵਾਲੇ ਡੀ.ਸੀ.ਐੱਮ. ਸਕੂਲ ਦੇ ਵਿਦਿਆਰਥੀਆਂ ਨੂੰ ਸਪੀਕਰ ਸੰਧਵਾ ਵੱਲੋਂ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 2 ਜੂਨ : ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਹਾਸਲ ਕਰਦਿਆਂ ਡੀ.ਸੀ.ਐੱਮ. ਇੰਟਰਨੈਸਨਲ ਸਕੂਲ ਦੇ ਵਿਦਿਆਰਥੀਆਂ ਨੇ 12ਵੀਂ ਜਮਾਤ ਦੇ ਨਤੀਜਿਆਂ ਵਿੱਚ ਪੰਜਾਬ ਦੀ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਸਕੂਲ ਮਾਪਿਆਂ ਅਤੇ ਇਲਾਕੇ ਦਾ ਮਾਣ ਵਧਾਇਆ ਹੈ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਅਤੇ ਗੁਡ ਮੋਰਨਿੰਗ ਵੈਲਫੇਅਰ ਕਲੱਬ ਵੱਲੋ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਵਿਦਿਆਰਥੀਆਂ ਨੂੰ ਸਮਾਗਮ ਦੌਰਾਨ ਵੱਖ-ਵੱਖ ਜਿਲਿਆਂ ਵਿੱਚੋਂ ਆਏ ਸਾਰੇ ਵਿਦਿਆਰਥੀਆਂ ਨੂੰ ਕੁਲਤਾਰ ਸਿੰਘ ਸੰਧਵਾ ਨੇ ਵਧਾਈ ਦਿੰਦਿਆਂ ਕਿਹਾ ਕਿ ਮਿਹਨਤ ਲਗਨ ਅਤੇ ਅਨੁਸ਼ਾਸਨ ਹੀ ਸਫਲਤਾ ਦੀ ਕੁੰਜੀ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਹੋਣਹਾਰ ਵਿਦਿਆਰਥੀ ਹੀ ਭਵਿੱਖ ਵਿੱਚ ਦੇਸ਼ ਅਤੇ ਸਮਾਜ ਦੀ ਅਗਵਾਈ ਕਰਨਗੇ। ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਚੰਗੇ ਸੰਸਕਾਰ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ। ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਨੇ ਵੀ ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਮਾਪਿਆਂ ਦੇ ਸਹਿਯੋਗ ਅਤੇ ਅਧਿਆਪਕਾਂ ਦੀ ਰਹਿਨੁਮਾਈ ਦਾ ਨਤੀਜਾ ਹੈ। ਇਸ ਮੌਕੇ ਮੈਰਿਟ ਸੂਚੀ ਵਿੱਚ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਯਾਦਗਾਰੀ ਤੋਹਫ਼ੇ ਭੇਟ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ ਗਿਆ। ਸਮਾਗਮ ਦੇ ਅੰਤ ਵਿੱਚ ਸਕੂਲ ਪਰਿਵਾਰ ਨੇ ਕੁਲਤਾਰ ਸਿੰਘ ਸੰਧਵਾ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਉਤਸ਼ਾਹਿਤ ਕਰਨ ਦੀ ਆਸ ਪ੍ਰਗਟ ਕੀਤੀ।

## .ਲੋਕ ਗਾਇਕੀ ਦਾ ਨਿਵੇਕਲਾ ਅੰਦਾਜ਼ ਹਨ ਸ. ਭਾਨ ਸਿੰਘ ਮਾਹੀ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਬੜੇ ਲੰਮੇ ਸਮੇਂ ਤੋਂ ਲੱਭ ਰਿਹਾ ਸਾਂ ਕਿ ਅਮਰਜੀਤ ਗੁਰਦਾਸਪੁਰੀ ਜੀ ਦੇ ਸਮਕਾਲੀ ਪੁਰਾਣੇ ਲੋਕ ਗਾਇਕਾਂ ਦਾ ਅਤਾ ਪਤਾ ਜਾਣਿਆਂ ਜਾਵੇ।
ਕਿੱਥੇ ਗਏ? ਭਾਨ ਸਿੰਘ ਮਾਹੀ, ਉਜਾਗਰ ਸਿੰਘ ਮਲੰਗ, ਚਰਨ ਸਿੰਘ ਛਬੀਲਾ, ਭੇਟਾ ਗਾਉਣ ਵਾਲਾ ਗਿਰਧਾਰੀ ਲਾਲ। ਕਦੇ ਰੇਡੀਉ ਤੇ ਇਨ੍ਹਾਂ ਗਾਇਕਾਂ ਦੀ ਪੂਰੀ ਚੜ੍ਹਾਈ ਸੀ।
ਭਾਨ ਸਿੰਘ ਮਾਹੀ ਦੇ ਕਿੰਨੇ ਗੀਤ ਰੇਡੀਉ ਤੋ ਸੁਣੇ ਯਾਦ ਆ ਰਹੇ ਨੇ। ਸਾਲ 1965 ਤੋਂ ਲੈ ਕੇ ਹੁਣ ਤੀਕ।
ਪਤਾ ਲੱਗਾ ਕਿ ਉਹ ਨਿਊਯਾਰਕ ਰਹਿਣ ਲੱਗ ਪਏ ਸਨ ਪੰਜਾਹ ਕੁ ਸਾਲ ਪਹਿਲਾਂ।
ਅਚਨਚੇਤ ਅਕਾਸ਼ਵਾਣੀ ਸਲੰਧਰ ਤੋਂ ਉਨ੍ਹਾਂ ਦੀ ਇੰਟਰਵਿਊ ਸੁਣੀ ਦੱਸ ਕੁ ਸਾਲ ਪਹਿਲਾਂ। ਏਥੇ ਕੰਮ ਕਰਦੀ ਬੀਬਾ ਸੁਖਜੀਤ ਕੌਰ ਨੇ ਦੱਸਿਆ ਕਿ ਆਏ ਸਨ ਪਰ ਚਲੇ ਗਏ। ਪਰਸੋਂ ਫਲਾਈਟ ਹੈ। ਅੱਜ ਦਿੱਲੀ ਹੋਣਗੇ, ਇਸ ਨੰਬਰ ਤੇ ਗੱਲ ਕਰ ਲਵੋ। ਮੈਂ ਨੰਬਰ ਨੱਪਿਆ ਤੇ ਉਹ ਬੋਲ ਪਏ। ਮੇਰੀ ਆਵਾਜ਼ ਬੰਦ। ਲੱਗਿਆ ਕਿ ਮੈਂ ਕਿਤੇ ਸੁਪਨਾ ਤਾਂ ਨਹੀਂ ਵੇਖ ਰਿਹਾ। ਹੌਂਸਲਾ ਇਕੱਠਾ ਕਰਕੇ ਮੈਂ ਫਤਹਿ ਬੁਲਾਈ। ਲੱਗਿਆ ਕਿ ਵੱਡੇ ਵਡੇਰੇ ਨਾਲ ਗੱਲ ਕਰ ਰਿਹਾਂ। ਗੱਲਾਂ ਵਿੱਚੋਂ ਮੁਹੱਬਤ ਡੁੱਲ ਡੁੱਲ ਪੈ ਰਹੀ ਸੀ।
ਯਾਦਾਂ ਦੇ ਕਾਫ਼ਲੇ ਗੀਤ ਬਣ ਵਹਿ ਤੁਰੇ।
ਉਨ੍ਹਾਂ ਦੇ ਗਾਏ ਗੀਤ ਲੋਕ ਗੀਤਾਂ ਵਰਗੇ ਯਾਦਾਂ ਦੇ ਪਰਦੇ ਤੇ ਚਮਕੇ। ਉਨ੍ਹਾਂ ਦੇ ਪ੍ਰਸਿੱਧ ਗੀਤ ਚੇਤੇ ਆਏ। ਓਮ ਪ੍ਰਕਾਸ਼ ਸਮਰ ਕਰਤਾਰਪੁਰੀ, ਦੀਪਕ ਜੈਤੋਈ ਤੇ ਚਰਨ ਸਿੰਘ ਸਫ਼ਰੀ ਤੋਂ ਇਲਾਵਾ ਕੁਝ ਲੋਕ ਗੀਤ ਵੀ।

ਸ਼ਹਿਰ ਨੂੰ ਨਾ ਜਾਈਂ ਗੋਰੀਏ,
ਪੈਰੀਂ ਪਾ ਕੇ ਸਲੀਪਰ ਕਾਲੇ।
ਜਿਣਸਾਂ ਦਾ ਮੁੱਲ ਦੱਸਣਾ,
ਭੁੱਲ ਜਾਣਗੇ ਸ਼ਹਿਰ ਦੇ ਲਾਲੇ।



ਰਾਤੀਂ ਜਾਗ ਹੰਝੂਆਂ ਦਾ ਕਿਸ ਲਾਇਆ,
ਦੁੱਧ ਨੂੰ ਮਧਾਣੀ ਪੁੱਛਦੀ।
ਕੀਹਦਾ ਢੋਲ ਰੁੱਠੜਾ ਨੀਂ ਘਰ ਆਇਆ,
ਦੁੱਧ ਨੂੰ ਮਧਾਣੀ ਪੁੱਛਦੀ।

ਤੇਰੀ ਦੀਦ ਬਾਝੋਂ ਅੱਖੀਆਂ ਤਿਹਾਈਆਂ ਰਾਂਝਣਾ,
ਸਾਥੋਂ ਝੱਲੀਆਂ ਨਾ ਜਾਣ ਇਹ ਜੁਦਾਈਆਂ ਰਾਂਝਣਾ।

ਕਿੱਥੋਂ ਤੇ ਆਈ ਕਾਲੀ ਬੱਦਲੀ ਸੁਦਾਗਰ ਮੀਆਂ,
ਕਿੱਥੋਂ ਤੇ ਆਇਆ ਸਾਵਣ ਮੀਂਹ
ਓ ਪੁੰਨੂੰ ਮੇਰਿਆ, ਕਿੱਥੋਂ ਤੇ ਆਇਆ ਸਾਵਣ ਮੀਂਹ।

ਤੇਰੇ ਕੰਨਾਂ ਨੂੰ ਸੋਹਣੇ ਬੁੰਦੇ ਨੀਂ ਹੱਥੀਂ ਲਾਈ ਅੱਜ ਮਹਿੰਦੀ
ਰੰਗ ਮਹਿੰਦੀ ਦਾ ਕੱਚਾ ਨੀਂ ਮਹਿੰਦੀ ਲੱਥ ਲੱਥ ਪੈਂਦੀ।

ਰੰਗ ਜੋਗੀਆ ਟੱਸਰ ਦਾ ਨਾਲਾ,
ਗੋਰੀ ਦੇ ਪਸੰਦ ਆ ਗਿਆ।

ਫੁੱਲ ਚਿੜੀਆਂ ਕੰਘੀ ਨਾਲ ਪਾਵੇ,
ਚਾਅ ਮੁਕਲਾਵੇ ਦਾ।

ਲਾਡੋ ਸੱਸ ਦੀ ਨਜ਼ਰ ਨਾ ਆਵੇ,
ਮੱਸਿਆ ਸਵੇਰ ਦੀ ਵਗੇ।

ਭਾਬੀਏ ਨੀਂ ਘੁੰਡ ਕੱਢ ਲੈ,
ਵੈਰੀ ਰੂਪ ਦਾ ਸੁਣੀਂਦਾ ਜੱਗ ਨੀਂ।

ਵੰਗ ਛਣਕੀ ਵੰਗਾਂ ਦੇ ਨਾਲ ਵੱਜ ਕੇ,ਗੋਰੀ ਨਿਕਲੀ ਹਵੇਲੀ ਵਿੱਚੋਂ ਸੱਜ ਕੇ,
ਮਿੱਤਰਾਂ ਦਾ ਮਨ ਮੋਹ ਲਿਆ।

ਨੀਂ ਗੁੱਤਾਂ ਨੂੰ ਵਲਾਵੇਂ ਮਾਰ ਲੈ,
ਤੰਗ ਹੋ ਜੇ ਨਾ ਜਹਾਨ ਕਿਤੇ ਸਾਰਾ।

ਤੇਰੀ ਸਿਖਰੋਂ ਪੀਂਘ ਟੁੱਟ ਜਾਵੇ,
ਨੀਂ ਨਿੰਮ ਨਾਲ ਝੂਟਦੀਏ।

ਹੌਲੀ ਪੀਂਘ ਝੂਟ ਮੁਟਿਆਰੇ,
ਨੀਂ ਲੱਕ ਨਾ ਮਰੋੜਾ ਖਾ ਜਾਵੇ।

ਟੁੱਟ ਜਾਣ ਰੱਬ ਕਰਕੇ
ਨੀਂ ਤੇਰੇ ਨਵੇਂ ਗਜਰੇ ਮੁਟਿਆਰੇ,
ਸਿਖਰ ਦੁਪਹਿਰੇ ਗੋਰੀਏ,
ਪਾਉਂਦੀ ਪਿੰਡ 'ਚ ਫਿਰੇਂ ਲਿਸ਼ਕਾਰੇ।

ਕੁਝ ਮਹੀਨਿਆਂ ਬਾਅਦ ਮੈਂ ਅਮਰੀਕਾ ਗਿਆ ਤਾਂ ਨਿਊਯਾਰਕ ਪਹੁੰਚ ਕੇ ਹਰਵਿੰਦਰ ਰਿਆੜ ਨਾਲ ਗੱਲ ਕੀਤੀ ਕਿ ਆਪਾਂ ਸ. ਭਾਨ ਸਿੰਘ ਮਾਹੀ ਜੀ ਨੂੰ ਮਿਲਣਾ ਹੈ ਪਰ ਉਹ ਵਕਤ ਨਾ ਕੱਢ ਸਕਿਆ। ਇੱਕ ਦਿਨ ਮੈਂ ਆਪਣੀ ਸਰਦਾਰਨੀ ਦੇ ਚਾਚਾ ਜੀ ਹਰਜੀਤ ਸਿੰਘ ਨੱਤ ਦੇ ਸਪੁੱਤਰ ਹਰਪ੍ਰੀਤ ਸਿੰਘ ਨੂੰ ਪੁੱਛਿਆ ਕਿ ਇਹ ਸਿਰਨਾਵਾਂ ਕਿੱਥੋਂ ਦਾ ਹੈ। ਉਸ ਦੱਸਿਆ ਕਿ ਆਪਣੇ ਘਰੋਂ ਮਨਹਟਨ ਨੂੰ ਆਉਂਦਿਆਂ ਰਾਹ ਵਿੱਚ ਪੈਂਦਾ ਹੈ। ਉਸ ਦਾ ਕਾਰੋਬਾਰ ਮਨਹਟਨ ਵਿੱਚ ਹੋਣ ਕਰਕੇ ਹਰ ਰੋਜ਼ ਆਉਣ ਕਰਕੇ ਮਿਲਣਾ ਆਸਾਨ ਸੀ।
ਫੋਨ ਕਰਕੇ ਮਿਲਣ ਗਏ ਤਾਂ ਅੱਗਿਉਂ ਇੱਕ ਬਾਬੂ ਜੀ ਨੇ ਬੂਹਾ ਖੋਲ੍ਹਿਆ। ਮੇਰਾ ਮਨ ਚਿਤਵਿਆ ਭਾਨ ਸਿੰਘ ਅਜੇ ਆਉਣ ਵਾਲਾ ਸੀ। ਮੈਂ ਬੋਲਿਆ, ਜੀ ਅਸੀਂ ਸ. ਭਾਨ ਸਿੰਘ ਮਾਹੀ ਨੂੰ ਮਿਲਣਾ ਹੈ। ਉਹ ਬੋਲੇ ਮੈਂ ਹੀ ਰਾਂ। ਦੀਵਾਰ ਤੇ ਲੱਗੀ ਤਸਵੀਰ ਨਾਲ ਚਿਹਰਾ ਮਿਲਾਇਆ। ਉਹੀ ਸੀ। ਮਨ ਹੀ ਮਨ ਵਿੱਚ ਆਇਆ, ਡਾਲਰ ਕਿੰਨਾ ਕੁਝ ਖਾ ਜਾਂਦਾ ਹੈ। ਛਮਲੇ ਵਾਲੀ ਪੱਗ, ਗੋਲ ਮੋਲ ਮੁੱਛਾਂ ਤੇ ਮੜਕ ਸਮੇਤ।
ਯਾਦ ਗਲੀਆਂ ਵਿੱਚ ਘੁੰਮਦਿਆਂ ਉਨ੍ਹਾਂ ਦੱਸਿਆ ਕਿ ਨਕੋਦਰ ਚੌਂਕ ਵਿੱਚ ਮੇਰਾ ਚੁਬਾਰੇ ਵਿੱਚ ਦਫ਼ਤਰ ਸੀ। ਲੰਘਦਾ ਵੜਦਾ ਹਰ ਸ਼ਾਇਰ, ਗਾਇਕ ਤੇ ਵਜੰਤਰੀ ਆ ਜਾਂਦਾ। ਸਾਰਾ ਦਿਨ ਰੋਣਕਾਂ ਹੀ ਰੌਣਕਾਂ। ਨੰਦ ਲਾਲ ਨੂਰਪੁਰੀ, ਗੁਰਦਿੱਤ ਸਿੰਘ ਕੁੰਦਨ, ਹਜ਼ਾਰਾ ਸਿੰਘ ਮੁਸ਼ਤਾਕ, ਚਰਨ ਸਿੰਘ ਸਫ਼ਰੀ ਤੇ ਵੱਸਣ ਸਿੰਘ ਮਸਤਾਨਾ ਵਰਗੇ।
ਦਿਨ ਭਲੇ ਸਨ। ਅੱਜ ਵਾਂਗ ਮਨ ਭ੍ਰਿਸ਼ਟ ਨਹੀਂ ਸਨ। ਸੱਚੇ ਸੁੱਚੇ ਰਿਸ਼ਤੇਦਾਰਾਂ ਨਿਰਮਲ ਜਲ ਜਹੇ। ਧਰਮ, ਜ਼ਾਤ ਗੋਤ ਊਚ ਨੀਚ ਬਾਹਰ ਭਾਵੇਂ ਹੋਵੇ, ਮੇਰੇ ਚੁਬਾਰੇ ਵਿੱਚ ਸਾਰੇ ਇੱਕੋ ਘੜੇ ਵਿੱਚੋਂ ਪਾਣੀ ਪੀਂਦੇ ਸਨ। ਹੱਕ ਨਾਲ ਆਉਂਦੇ ਸਨ ਸਾਰੇ। ਹੋਰ ਵੀ ਬਹੁਤ ਗੱਲਾਂ ਹੋਈਆਂ।
ਉਸ ਦਿਨ ਮਗਰੋਂ ਸ. ਭਾਨ ਸਿੰਘ ਮਾਹੀ ਜੀ ਨਾਲ ਮੇਰਾ ਟੈਲੀਫੋਨੀ ਰਿਸ਼ਤਾ ਲਗਾਤਾਰ ਨਿਭ ਰਿਹਾ ਹੈ। ਜਿਸ ਦਿਨ ਸ਼ੁਭ ਕਾਮਨਾ ਸੰਦੇਸ਼ ਨਾ ਆਵੇ ਤਾਂ ਲੱਗਦਾ ਏ ਦਿਨ ਨਹੀਂ ਚੜ੍ਹਿਆ। ਆਪਣੇ ਬਾਲ ਪਰਿਵਾਰ ਵਿੱਚ ਰਹਿੰਦਿਆਂ ਮੇਰੇ ਨਾਲ ਦੁੱਖ ਸੁੱਖ ਦੀ ਪੂਰੀ ਭਾਈਵਾਲੀ ਰੱਖਦੇ ਹਨ।
ਕੁਝ ਦਿਨ ਪਹਿਲਾਂ ਕੈਨੇਡਾ ਰਹਿੰਦਾ ਗਾਇਕ ਮਿੱਤਰ ਸੁਰਜੀਤ ਮਾਧੋਪੁਰੀ ਦੱਸ ਰਿਹਾ ਸੀ ਕਿ ਗੱਲ ਕਰ ਲੈਣਾ ਮਾਹੀ ਜੀ ਨਾਲ, ਕਹਿ ਰਹੇ ਸਨ ਕਿ ਕਈ ਦਿਨਾਂ ਤੋਂ ਗੱਲ ਨਹੀਂ ਹੋਈ।
ਮੈਂ ਵਿਕੀਪੀਡੀਆ ਫੋਲਿਆ ਤਾਂ ਵਿੱਚੋਂ ਸ. ਭਾਨ ਸਿੰਘ ਮਾਹੀ ਬੋਲ ਪਏ। ਉਨ੍ਹਾਂ ਬਾਰੇ ਕੁਝ ਜਾਣਕਾਰੀਆਂ ਅਧੂਰੀਆਂ ਸਨ, ਸੋਧ ਕੇ ਦੱਸ ਰਿਹਾ
ਭਾਨ ਸਿੰਘ ਮਾਹੀ ਵੀਹਵੀਂ ਸਦੀ ਦੇ ਛੇਵੇਂ ਤੇ ਸੱਤਵੇਂ ਦਹਾਕੇ ਦਾ ਸਰਗਰਮ ਪੰਜਾਬੀ ਗਾਇਕ ਹੈ ਜੋ ਪੰਜਾਬੀ ਗਾਇਕੀ ਦੇ ਪਿੜ ਵਿੱਚ ਆਪਣੇ ਗੀਤ 'ਰਾਤੀਂ ਜਾਗ ਹੰਝੂਆਂ ਦਾ ਕਿਸ ਲਾਇਆ, ਦੁੱਧ ਨੂੰ ਮਧਾਣੀ ਪੁੱਛਦੀ' ਨਾਲ ਸਥਾਪਿਤ ਹੋਇਆ।
ਭਾਨ ਸਿੰਘ ਮਾਹੀ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਭਲਾਣਾ ਵਿਖੇ ਪਿਤਾ ਸ੍ਰੀ ਕਰਤਾਰ ਸਿੰਘ ਤੇ ਮਾਤਾ ਸ੍ਰੀਮਤੀ ਬਸੰਤ ਕੌਰ ਦੇ ਘਰ 1 ਜਨਵਰੀ 1940 ਨੂੰ ਹੋਇਆ। ਛੋਟੇ ਹੁੰਦਿਆਂ ਹੀ ਉਸਨੂੰ ਗਾਇਕੀ ਨਾਲ ਲਗਾਅ ਸੀ ਤੇ ਕੁਦਰਤੀ ਉਸਦੀ ਆਵਾਜ਼ ਵੀ ਸੁਰੀਲੀ ਸੀ। ਉਹ ਛੋਟਾ ਹੁੰਦਾ ਗੁਰਦੁਆਰੇ ਕੀਰਤਨ ਸੁਣਦਾ ਰਹਿੰਦਾ। ਇੱਕ ਦਿਨ ਉਸਦੀ ਵੱਡੀ ਭਰਜਾਈ ਨੇ ਉਸ ਨੂੰ ਇੱਕ ਸ਼ਬਦ ਯਾਦ ਕਰਵਾ ਦਿੱਤਾ। ਜਦੋਂ ਭਾਨ ਨੇ ਗੁਰਦੁਆਰੇ ਇਹ ਸ਼ਬਦ ਗਾਇਆ ਤਾਂ ਸੰਗਤ ਨੂੰ ਬਹੁਤ ਪਸੰਦ ਆਇਆ। ਇਸੇ ਤਰਾਂ ਹੀ ਉਹ ਸਕੂਲ ਦੀਆਂ ਬਾਲ ਸਭਾਵਾਂ ਵਿੱਚ ਗਾਉਣ ਲੱਗ ਪਿਆ। ਛੋਟੀ ਉਮਰ ਵਿੱਚ ਹੀ ਉਸ ਨੇ ਗਵੰਤਰੀ ਪਾਲ ਸਿੰਘ ਜੰਡਿਆਲਾ ਕੋਲੋਂ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ। ਭਾਨ ਸਿੰਘ ਆਪਣੇ ਉਸਤਾਦ ਨਾਲ ਘੁੰਗਰੂ ਵਜਾਉਂਦਾ ਅਤੇ ਗਾਉਂਦਾ। ਨਾਲ ਨਾਲ ਉਸ ਨੇ ਤੂੰਬੀ ਵਜਾਉਣੀ ਵੀ ਸਿੱਖ ਲਈ। ਉਸਤਾਦ ਨੇ ਭਾਨ ਸਿੰਘ ਨੂੰ ਲੋਕ ਗਾਥਾਵਾਂ ਹੀਰ ਰਾਂਝਾ, ਮਿਰਜ਼ਾ, ਸੱਸੀ, ਸੋਹਣੀ, ਦਹੂਦ ਬਾਦਸ਼ਾਹ, ਦੁੱਲਾ ਭੱਟੀ ਯਾਦ ਕਰਵਾ ਦਿੱਤੀਆਂ। ਇਹ ਸਾਰੀਆਂ ਗਾਥਾਵਾਂ ਉਸ ਨੇ ਪਾਲ ਸਿੰਘ ਜੰਡਿਆਲਾ ਨਾਲ ਰੇਡੀਓ 'ਤੇ ਰਲ਼ ਕੇ ਗਾਈਆਂ ਤੇ ਭਾਨ ਸਿੰਘ ਮਾਹੀ ਬਣ ਗਿਆ।
ਸਾਲ 1955 ਵਿੱਚ ਦਸਵੀਂ ਪਾਸ ਕਰਨ ਤੋਂ ਬਾਅਦ ਭਾਨ ਸਿੰਘ ਨੇ ਉਸਤਾਦ ਦੀ ਛਤਰ ਛਾਇਆ ਹੇਠ ਪੰਜਾਬ ਤੋਂ ਬਾਹਰ ਦਿੱਲੀ, ਭੁਪਾਲ, ਕਾਸ਼ੀ, ਬਿਲਾਸਪੁਰ, ਭੁਵਨੇਸ਼ਵਰ, ਕਲਕੱਤੇ ਆਦਿ ਸ਼ਹਿਰਾਂ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। 1959-60 ਵਿੱਚ ਕਲਕੱਤੇ ਬੈਰਕਪੁਰ ਗੁਰੂਘਰ ਵਿੱਚ ਉਸ ਨੇ ਕੁਝ ਸਮਾਂ ਗ੍ਰੰਥੀ ਦੀ ਸੇਵਾ ਵੀ ਨਿਭਾਈ ਪਰ ਕੁਝ ਸਮੇਂ ਬਾਅਦ ਫਿਰ ਉਹ ਗਾਇਕੀ ਵੱਲ ਪਰਤ ਆਇਆ ਤੇ ਅਖਾੜੇ ਲਾਉਣੇ ਸ਼ੁਰੂ ਕਰ ਦਿੱਤੇ। 1960-61 ਵਿੱਚ ਮਾਹੀ ਨੇ ਜਲੰਧਰ ਰੇਡੀਓ ਸਟੇਸ਼ਨ ਤੋਂ ਗਾਉਣਾ ਸ਼ੁਰੂ ਕਰ ਦਿੱਤਾ। ਇਸ ਸਮੇਂ ਦੌਰਾਨ ਹੀ ਭਾਨ ਸਿੰਘ ਮਾਹੀ ਦਾ ਐਚ.ਐਮ.ਵੀ. ਕੰਪਨੀ ਵਿੱਚ ਓਮ ਪ੍ਰਕਾਸ਼ ਸਮਰ ਕਰਤਾਰਪੁਰੀ ਦਾ ਲਿਖਿਆ ਪਹਿਲਾ ਗੀਤ ਰਿਕਾਰਡ ਹੋਇਆ।
ਹੌਲੀ ਹੌਲੀ ਉਸਦਾ ਉਹ ਪੰਜਾਬ ਤੇ ਦਿੱਲੀ ਦੇ ਗਾਇਕ ਕਲਾਕਾਰਾਂ ਆਸਾ ਸਿੰਘ ਮਸਤਾਨਾ, ਨਿਰਮਲ ਸਿੰਘ ਨਿਰਮਲ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਮੋਹਣੀ ਨਰੂਲਾ ਨੂੰ ਮਿਲਣ ਲੱਗ ਪਿਆ ਤੇ ਬੰਬਈ ਵੱਸਦੇ ਪੰਜਾਬੀ ਫ਼ਿਲਮੀ ਕਲਾਕਾਰ ਦੇ ਸੱਦੇ ਤੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲੱਗ ਪਿਆ।
ਉਸਦੀ ਤੂੰਬੀ ਦੀ ਕਲਾਕਾਰੀ ਕਾਰਨ ਹੀ ਉਸਨੂੰ ਫ਼ਿਲਮ 'ਚੰਬੇ ਦੀ ਕਲੀ' ਦੇ ਗੀਤ 'ਚੁਣ ਚੁਣ ਤਾਰਿਆਂ ਨੂੰ...' ਜੋ ਮੁਹੰਮਦ ਰਫ਼ੀ ਅਤੇ ਊਸ਼ਾ ਮੰਗੇਸ਼ਕਰ ਨੇ ਗਾਇਆ ਸੀ, ਵਿੱਚ ਤੂੰਬੀ ਵਜਾਉਣ ਦਾ ਮੌਕਾ ਮਿਲਿਆ। ਭਾਨ ਸਿੰਘ ਮਾਹੀ ਨੇ ਜਿੱਥੇ ਪ੍ਰਸਿੱਧ ਸ਼ਾਇਰਾਂ ਦੀਪਕ ਜੈਤੋਈ, ਚਰਨ ਸਿੰਘ ਸਫ਼ਰੀ, ਰਾਮ ਸ਼ਰਨ ਜੋਸ਼ੀਲਾ ਦੇ ਬੋਲਾਂ ਨੂੰ ਆਵਾਜ਼ਾਂ ਦਿੱਤੀਆਂ ਹਨ। ਉਸਨੇ ਪੇਂਡੂ ਅਖਾੜਿਆਂ ਵਿੱਚ ਸਵਰਨ ਲਤਾ, ਰਾਜਿੰਦਰ ਰਾਜਨ, ਚੰਦਰ ਕਾਂਤਾ ਕਪੂਰ ਨਾਲ ਵੀ ਦੋਗਾਣੇ ਵੀ ਗਾਏ।
ਉਸ ਬਾਰੇ ਨਾਭਾ ਵੱਸਦੇ ਲੋਕ ਸੰਗੀਤ ਦੇ ਖੋਜੀ ਵੀਰ ਹਰਦਿਆਲ ਸਿੰਘ ਥੂਹੀ ਨੇ ਵੀ ਲਿਖਿਆ ਹੈ, ਪਰ ਹੋਰ ਲੇਖਕਾਂ ਨੇ ਬੜਾ ਘੱਟ।
ਬਹੁਤੇ ਸੱਜਣਾਂ ਨੂੰ ਤਾਂ ਪਤਾ ਹੀ ਨਹੀਂ ਕਿ ਉਹ ਕਿੱਥੇ ਹੈ?

ਪਰ ਤੁਹਾਨੂੰ ਦੱਸ ਦਿਆਂ ਕਿ
1977 ਵਿੱਚ ਉਹ ਅਮਰੀਕਾ ਚਲਾ ਗਿਆ ਸੀ ਤੇ ਅੱਜ ਕੱਲ੍ਹ ਵੀ ਉਹ ਨਿਊਯਾਰਕ (ਅਮਰੀਕਾ) ਵਿੱਚ ਰਹਿ ਰਿਹਾ ਹੈ।
ਉਸ ਨਾਲ ਸੰਪਰਕ ਕਰਨ ਲਈ +1 (718) 200-3152 ਫੋਨ ਨੰਬਰ ਵੀ ਨੋਟ ਕਰੋ।
ਅਰਦਾਸ ਹੈ ਕਿ ਪ੍ਰਮਾਤਮਾ ਲੰਮੀ ਸਿਹਤਯਾਬ ਆਰਜਾ ਦੇਵੇ।

## ਆਪਣੇ ਆਪ ਨਾਲ ਆਨੰਦ ਦੀ ਜ਼ਿੰਦਗੀ ਸ਼ੁਰੂ ਕਰੋ!

ਵਰਲਡ ਪੰਜਾਬੀ ਟਾਈਮਜ਼
ਜ਼ਫ਼ਰ ਇਕਬਾਲ ਜ਼ਫ਼ਰ

ਜਦੋਂ ਮੈਂ ਆਪਣੇ ਦਿਨ ਅਤੇ ਰਾਤਾਂ ਸਮੇਂ ਦੇ ਰੰਗਾਂ ਵਿੱਚ ਬਿਤਾਉਂਦਾ ਸੀ, ਮੈਂ ਦੁਨੀਆਂ ਨੂੰ ਦੇਖਣ ਦੀ ਇੱਛਾ ਨਾਲ ਨਸ਼ੇ ਵਿੱਚ ਜੀ ਰਿਹਾ ਸੀ। ਮੈਂ ਇੰਨਾ ਲਾਪਰਵਾਹ ਸੀ ਕਿ ਮੈਂ ਕਦੇ ਆਪਣੇ ਅੰਦਰ ਛੁਪੀ ਸੁੰਦਰਤਾ ਨੂੰ ਮਿਲਣ ਬਾਰੇ ਨਹੀਂ ਸੋਚਿਆ। ਦੁਨੀਆਂ ਵਿੱਚ ਕਿੰਨੇ ਲੋਕ ਹਨ ਜੋ ਆਪਣੇ ਆਪ ਨੂੰ ਮਿਲ ਚੁੱਕੇ ਹਨ? ਮੈਂ ਹੁਣ ਕੁਝ ਸਮੇਂ ਤੋਂ ਆਪਣੇ ਆਪ ਨਾਲ ਰਹਿ ਰਿਹਾ ਹਾਂ ਅਤੇ ਮੈਨੂੰ ਇਹ ਸੰਗਤ ਇੰਨੀ ਪਸੰਦ ਹੈ ਕਿ ਮੈਂ ਆਪਣੀ ਪੂਰੀ ਜ਼ਿੰਦਗੀ ਆਪਣੇ ਨਾਲ ਬਿਤਾ ਸਕਦਾ ਹਾਂ ਅਤੇ ਬੋਰ ਵੀ ਮਹਿਸੂਸ ਨਹੀਂ ਕਰ ਸਕਦਾ।

ਮੈਂ ਆਪਣੀ ਅੰਦਰੂਨੀ ਸੁੰਦਰਤਾ ਤੋਂ ਜਾਣੂ ਹੋ ਗਿਆ ਹਾਂ। ਮੈਂ ਇਸਨੂੰ ਲੱਭਿਆ ਹੈ, ਫਿਰ ਇਸਨੂੰ ਸਜਾਇਆ ਹੈ, ਫਿਰ ਆਪਣੇ ਆਪ ਨੂੰ ਆਪਣੇ ਵਿੱਚ ਸੈਟਲ ਕੀਤਾ ਹੈ। ਮੈਂ ਇੱਕ-ਇੱਕ ਕਰਕੇ ਮਿਆਰੀ ਭਾਵਨਾਵਾਂ ਅਤੇ ਭਾਵਨਾਵਾਂ ਦੀ ਖੋਜ ਕੀਤੀ ਹੈ, ਉਨ੍ਹਾਂ ਸਿਧਾਂਤਾਂ ਨੂੰ ਲਾਗੂ ਕੀਤਾ ਹੈ ਜੋ ਮੇਰੇ ਮੂਡ ਅਤੇ ਆਤਮਾ ਨੂੰ ਖੁਸ਼ੀ ਅਤੇ ਮਾਣ ਦਿੰਦੇ ਹਨ, ਅਤੇ ਇਸਨੂੰ ਆਪਣੇ ਅੰਦਰਲੇ ਸਵਰਗ ਦਾ ਹਿੱਸਾ ਬਣਾਇਆ ਹੈ ਜਿਸ ਵਿੱਚ ਮੈਂ ਰਹਿੰਦਾ ਹਾਂ। ਇਹ ਜ਼ਿੰਦਗੀ ਦਾ ਮਾਮਲਾ ਹੈ ਜੋ ਆਪਣੇ ਆਪ ਵਿੱਚ ਡੁੱਬ ਕੇ ਲੱਭਿਆ ਜਾ ਸਕਦਾ ਹੈ। ਲੋਕ ਦਿੱਖ ਵਿੱਚ ਨਿਵੇਸ਼ ਕਰਦੇ ਹਨ, ਮੇਰਾ ਵਜੂਦ ਮੇਰੀ ਪੂੰਜੀ ਹੈ। ਕੇਵਲ ਤਦ ਹੀ ਮੈਂ ਆਪਣੇ ਆਪ ਦਾ ਦੋਸਤ ਨਹੀਂ ਹੋਵਾਂਗਾ, ਸਗੋਂ ਇੱਕ ਪ੍ਰੇਮੀ ਹੋਵਾਂਗਾ ਜੋ ਆਪਣੇ ਨਾਲ ਰਹਿਣ ਲਈ ਇੱਕ ਜ਼ਿੰਦਗੀ ਨੂੰ ਘੱਟ ਸਮਝਦਾ ਹੈ। ਕੋਈ ਵੀ ਬਾਹਰੀ ਦ੍ਰਿਸ਼ ਮੈਨੂੰ ਉਦਾਸ ਨਹੀਂ ਕਰ ਸਕਦਾ ਕਿਉਂਕਿ ਮੈਂ ਕਿਸੇ ਵੀ ਗੈਰ-ਮਿਆਰੀ ਭਾਵਨਾ ਨੂੰ ਆਪਣੇ ਅੰਦਰ ਵਸਣ ਨਹੀਂ ਦਿੰਦਾ, ਦੂਰੋਂ ਵੇਖਣਾ ਤਾਂ ਦੂਰ ਦੀ ਗੱਲ ਹੈ। ਮੈਂ ਆਪਣੀ ਰੱਖਿਆ ਕਰਦਾ ਹਾਂ। ਲੋਕ ਦੁਨਿਆਵੀ ਚੀਜ਼ਾਂ ਦੇ ਲੁੱਟੇ ਜਾਣ ਦੇ ਡਰੋਂ ਸੁਰੱਖਿਆ ਦੀਆਂ ਕੰਧਾਂ ਬਣਾਉਂਦੇ ਹਨ, ਪਰ ਮੇਰੇ ਅੰਦਰ ਚਮਕਦਾਰ ਸੰਕੇਤ ਜੜੇ ਹੋਏ ਹਨ। ਮੈਨੂੰ ਉਨ੍ਹਾਂ ਲਈ ਕੁਝ ਨਿਯਮ ਅਤੇ ਨਿਯਮ ਲਾਗੂ ਕਰਨੇ ਚਾਹੀਦੇ ਹਨ ਜਿਨ੍ਹਾਂ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਜੋ ਲੋਕ ਆਪਣੀ ਮਹੱਤਤਾ ਤੋਂ ਅਣਜਾਣ ਰਹਿੰਦੇ ਹਨ, ਉਹ ਕਿਸੇ ਨੂੰ ਚੰਗਾ ਸਮਝਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਅੰਦਰ ਵਸਾਉਂਦੇ ਹਨ, ਅਤੇ ਸਮਾਂ ਇਸ ਫੈਸਲੇ ਨੂੰ ਗਲਤ ਸਾਬਤ ਕਰਦਾ ਹੈ। ਇੱਕ ਸਸਤੇ ਵਿਅਕਤੀ ਲਈ ਮਹਿੰਗੇ ਜਨੂੰਨ ਦੀ ਕੁਰਬਾਨੀ ਦੇਣ ਨਾਲ ਉਨ੍ਹਾਂ ਦੇ ਗੁਣ ਨਹੀਂ ਬਦਲਦੇ। ਸਵੈ ਦੀ ਇੱਛਾ ਅਤੇ ਪਿਆਰ ਦੇ ਜਨੂੰਨ ਵਿੱਚ ਬਹੁਤ ਵੱਡਾ ਅੰਤਰ ਹੈ। ਜੋ ਲੋਕ ਪਿਆਰ ਦੇ ਅਧਿਆਤਮਿਕ ਜਨੂੰਨ ਤੋਂ ਅਣਜਾਣ ਹਨ, ਉਹ ਆਪਣੇ ਦਿਲਾਂ ਨੂੰ ਸਵੈ ਦੀ ਇੱਛਾ ਦੀ ਖ਼ਾਤਰ ਇੱਕ ਮੰਜ਼ਿਲ ਰਹਿਤ ਯਾਤਰਾ ਵਿੱਚ ਥੱਕ ਜਾਂਦੇ ਹਨ। ਸਵੈ ਦੀ ਇੱਛਾ ਹੋਂਦ ਤੋਂ ਹੋਂਦ ਦਾ ਇੱਕ ਅਸਥਾਈ ਰਿਸ਼ਤਾ ਹੈ, ਪਰ ਪਿਆਰ ਆਤਮਾ ਤੋਂ ਆਤਮਾ ਦਾ ਸਥਾਈ ਰਿਸ਼ਤਾ ਹੈ। ਸ਼ਰਮ ਅਤੇ ਨਿਮਰਤਾ ਵਿੱਚ ਲਪੇਟਿਆ ਪਿਆਰ ਪਿਆਰ ਵਰਗਾ ਹੈ, ਯਾਨੀ ਸਰੀਰ ਦੀ ਅਣਹੋਂਦ ਵਿੱਚ, ਆਤਮਾਵਾਂ ਦਾ ਮੇਲ ਬਣਿਆ ਰਹਿੰਦਾ ਹੈ। ਮੇਰੀ ਖੋਜ ਅਨਮੋਲ ਹੈ। ਮੈਂ ਆਪਣੀ ਆਤਮਾ ਨੂੰ ਸ਼ੁੱਧ ਕੀਤਾ ਹੈ, ਇਸ ਲਈ ਮੇਰਾ ਵਜੂਦ ਇਸਦਾ ਪ੍ਰੇਮੀ ਬਣ ਗਿਆ ਹੈ, ਇਸੇ ਲਈ ਇਹ ਮੈਨੂੰ ਇਸ ਸਵਾਰਥੀ ਯੁੱਗ ਵਿੱਚ ਆਪਣੇ ਨਾਲ ਜੀਉਣ ਲਈ ਮਜਬੂਰ ਕਰਦਾ ਹੈ।

ਹੁਣ, ਸਿੱਖੋ ਕਿ ਇਹ ਚਮਤਕਾਰ ਕਿਵੇਂ ਹੁੰਦਾ ਹੈ ਤਾਂ ਜੋ ਤੁਸੀਂ ਆਪਣੇ ਆਪ ਤੱਕ ਪਹੁੰਚਣ ਦਾ ਰਾਜ਼ ਜਾਣ ਸਕੋ। ਮੇਰੀ ਜ਼ਿੰਦਗੀ ਵਿੱਚ ਇੱਕ ਨਿਰਾਸ਼ਾਜਨਕ ਸਮਾਂ ਸੀ ਜਦੋਂ ਮੈਨੂੰ ਆਪਣੇ ਵਜੂਦ 'ਤੇ ਅਫ਼ਸੋਸ ਸੀ, ਮੈਂ ਕਿਉਂ ਪੈਦਾ ਹੋਇਆ? ਮੈਂ ਕਾਲੇ ਕੱਪੜੇ ਪਹਿਨਦਾ ਸੀ ਅਤੇ ਆਪਣੇ ਜਨਮਦਿਨ 'ਤੇ ਭੁੱਖਾ ਰਹਿੰਦਾ ਸੀ। ਵਿਅਰਥ ਯਾਤਰਾਵਾਂ ਵਿੱਚ ਆਪਣੀ ਵਜੂਦ ਨੂੰ ਥੱਕਣ ਕਾਰਨ, ਮੇਰੀ ਸਿਹਤ ਖਰਾਬ ਹੋ ਗਈ ਅਤੇ ਡਾਕਟਰ ਨੇ ਮੈਨੂੰ ਸ਼ਾਂਤੀ ਅਤੇ ਸ਼ਾਂਤੀ ਲਈ ਇੱਕ ਸਾਲ ਬਿਸਤਰੇ 'ਤੇ ਲੇਟਣ ਦੀ ਸਲਾਹ ਦਿੱਤੀ, ਜੋ ਕਿ ਪ੍ਰੇਰਣਾ ਤੋਂ ਰਹਿਤ ਸੀ ਅਤੇ ਸਿਹਤਮੰਦ ਹੋਣ ਵਿੱਚ ਮੇਰਾ ਵਿਸ਼ਵਾਸ ਕਮਜ਼ੋਰ ਹੋ ਗਿਆ।

ਇੱਕ ਸਾਲ ਬਿਸਤਰੇ 'ਤੇ ਬਿਮਾਰ ਪਿਆ ਰਿਹਾ... ਜਾਂ ਸ਼ਾਇਦ ਮੌਤ ਦੀ ਉਡੀਕ ਕਰ ਰਿਹਾ ਹਾਂ... ਮੈਂ ਡਰ ਨਾਲ ਕੰਬਦਾ ਹੁੰਦਾ...ਕਿਉਂ...ਕਿਉਂ...ਮੈਂ ਕੀ ਅਪਰਾਧ ਕੀਤਾ ਹੈ? ਕਿ ਮੈਨੂੰ ਇਸ ਸਜ਼ਾ ਦਾ ਹੱਕਦਾਰ ਪਾਇਆ ਗਿਆ?

ਮੈਂ ਰੋਇਆ ਅਤੇ ਵਿਰਲਾਪ ਕੀਤਾ। ਮੇਰਾ ਮੂਡ ਕੌੜਾ ਹੋ ਗਿਆ ਅਤੇ ਮੇਰਾ ਮਨ ਬਗਾਵਤ ਕਰ ਗਿਆ... ਜਿਵੇਂ ਇੱਕ ਵੱਡੇ ਸਦਮੇ ਦੇ ਸਮੇਂ ਰੋਣ ਅਤੇ ਵਿਰਲਾਪ ਕਰਨ ਤੋਂ ਬਾਅਦ, ਆਤਮਾ ਦਾ ਦਰਦ ਤੀਬਰਤਾ ਨਾਲ ਉਤਰਦਾ ਹੈ। ਇਸ ਕੁਦਰਤੀ ਪ੍ਰਕਿਰਿਆ ਵਿੱਚੋਂ ਲੰਘਣ ਤੋਂ ਬਾਅਦ, ਮੈਂ ਆਪਣੇ ਆਪ ਨੂੰ ਦਿਲਾਸਾ ਦਿੱਤਾ ਅਤੇ ਪੁੱਛਿਆ, "ਤੁਹਾਨੂੰ ਕੀ ਲੱਗਦਾ ਹੈ? ਕੀ ਪੂਰਾ ਸਾਲ ਬਿਸਤਰੇ 'ਤੇ ਰਹਿਣਾ ਇੱਕ ਵੱਡੀ ਤ੍ਰਾਸਦੀ ਹੈ?" ਨਹੀਂ, ਤੁਹਾਨੂੰ ਆਪਣੇ ਆਪ ਨੂੰ ਸੋਚਣ ਅਤੇ ਜਾਣਨ ਲਈ ਇਸ ਤਰ੍ਹਾਂ ਦਾ ਸਮਾਂ ਅਤੇ ਵਾਤਾਵਰਣ ਨਹੀਂ ਮਿਲੇਗਾ। ਤੁਸੀਂ ਅਗਲੇ ਕੁਝ ਮਹੀਨਿਆਂ ਵਿੱਚ ਇੰਨਾ ਅਧਿਆਤਮਿਕ ਵਿਕਾਸ ਪ੍ਰਾਪਤ ਕੀਤਾ ਹੈ ਕਿ ਤੁਸੀਂ ਆਪਣੀ ਪੂਰੀ ਜ਼ਿੰਦਗੀ ਵਿੱਚ ਨਹੀਂ ਕਰ ਸਕੋਗੇ। ਇਸ ਵਿਚਾਰ ਤੋਂ ਬਾਅਦ, ਮੈਂ ਚੁੱਪ ਹੋ ਗਿਆ, ਆਪਣੀਆਂ ਗੱਲ੍ਹਾਂ ਤੋਂ ਹੰਝੂ ਪੂੰਝੇ ਅਤੇ ਕਦਰਾਂ-ਕੀਮਤਾਂ ਦੀਆਂ ਨਵੀਆਂ ਭਾਵਨਾਵਾਂ ਪੈਦਾ ਕਰਨ ਵਿੱਚ ਰੁੱਝ ਗਿਆ। ਮੈਂ ਅਧਿਆਤਮਿਕ ਅਤੇ ਅਨੁਭਵੀ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ, ਜਿਸ ਤੋਂ ਪਤਾ ਲੱਗਾ ਕਿ ਤੁਸੀਂ ਸਿਰਫ਼ ਉਹੀ ਪ੍ਰਗਟ ਕਰ ਸਕਦੇ ਹੋ ਜੋ ਤੁਹਾਡੀ ਚੇਤਨਾ ਅਤੇ ਅਨੁਭਵ ਦੇ ਅੰਦਰ ਹੈ। ਇਹ ਸ਼ਬਦ ਮੇਰੇ ਦਿਲ ਦੀਆਂ ਡੂੰਘਾਈਆਂ ਤੱਕ ਉਤਰ ਗਏ ਅਤੇ ਉੱਥੇ ਜੜ੍ਹ ਫੜ ਲਈ। ਮੈਂ ਸੋਚਣ ਨੂੰ ਸਮਰੱਥ ਬਣਾਉਣ ਵਾਲੇ ਵਿਚਾਰਾਂ ਨੂੰ ਸੋਚਣ ਦੀ ਕੋਸ਼ਿਸ਼ ਕਰਕੇ ਜੀਣ ਲਈ ਸਫਲ ਸਹਾਇਤਾ ਬਣਾਉਂਦਾ ਰਿਹਾ। ਖੁਸ਼ੀ, ਖੁਸ਼ੀ ਅਤੇ ਸਿਹਤ ਦੇ ਵਿਚਾਰ ਹਰ ਰੋਜ਼ ਸੌਂ ਜਾਂਦੇ ਸਨ। ਜਦੋਂ ਮੈਂ ਜਾਗਦਾ ਹੁੰਦਾ ਸੀ, ਮੈਨੂੰ ਉਨ੍ਹਾਂ ਚੀਜ਼ਾਂ ਨੂੰ ਯਾਦ ਰਹਿੰਦਾ ਸੀ ਜਿਨ੍ਹਾਂ ਲਈ ਮੈਂ ਧੰਨਵਾਦੀ ਸੀ। ਜਿੱਥੇ ਦੁਨੀਆਂ ਮੇਰੇ ਤੋਂ ਖੋਹ ਰਹੀ ਸੀ, ਮੈਂ ਆਪਣੇ ਲਈ ਇੱਕ ਦੁਰਲੱਭ ਸੰਸਾਰ ਬਣਾਇਆ ਜੋ ਸਿਰਫ਼ ਮੇਰਾ ਸੀ।

ਸੰਗੀਤ, ਕਿਤਾਬਾਂ ਅਤੇ ਸੁਆਦੀ ਭੋਜਨ ਨੂੰ ਉਤਸ਼ਾਹਿਤ ਕਰਨਾ, ਮੁਲਾਕਾਤਾਂ ਅਤੇ ਪਰਾਹੁਣਚਾਰੀ ਨੂੰ ਉਤਸ਼ਾਹਿਤ ਕਰਨਾ, ਪ੍ਰੇਰਿਤ ਅਵਸਥਾਵਾਂ ਅਤੇ ਕਾਲਪਨਿਕ ਸੰਸਾਰਾਂ ਦੀਆਂ ਯਾਤਰਾਵਾਂ, ਭਾਵਨਾਵਾਂ ਅਤੇ ਭਾਵਨਾਵਾਂ ਦੇ ਅਨੰਦਮਈ ਦ੍ਰਿਸ਼ਾਂ ਦੇ ਇਕਾਂਤ ਵਿੱਚ ਇਕੱਠ। ਮੈਂ ਪ੍ਰਮਾਤਮਾ ਦੀਆਂ ਸਰੀਰਕ ਅਤੇ ਅਧਿਆਤਮਿਕ ਸ਼ਕਤੀਆਂ ਨਾਲ ਜਾਨਲੇਵਾ ਬਿਮਾਰੀ ਦੇ ਉਨ੍ਹਾਂ ਦਿਨਾਂ ਨੂੰ ਇੱਕ ਨਵੀਂ ਅਤੇ ਬਿਹਤਰ ਜ਼ਿੰਦਗੀ ਵਿੱਚ ਬਦਲ ਦਿੱਤਾ। ਸਰੀਰਕ ਬਿਮਾਰੀਆਂ ਦੇ ਨਾਲ-ਨਾਲ ਅਧਿਆਤਮਿਕ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਵਿੱਚ ਸਫਲਤਾ ਪ੍ਰਾਪਤ ਕਰਨਾ ਕੋਈ ਅਸਾਧਾਰਨ ਗੱਲ ਨਹੀਂ ਸੀ।

ਮੈਂ ਉਸ ਸਾਲ ਲਈ ਬਹੁਤ ਧੰਨਵਾਦੀ ਹਾਂ ਜੋ ਮੈਂ ਬਿਮਾਰੀ ਦੇ ਬਿਸਤਰੇ 'ਤੇ ਬਿਤਾਇਆ, ਜੋ ਕਿ ਇੱਕ ਦੁਰਲੱਭ ਅਤੇ ਖੁਸ਼ੀ ਨਾਲ ਭਰਿਆ ਅਨੁਭਵ ਸੀ ਜਿਸਨੇ ਮੈਨੂੰ ਹੈਰਾਨੀਆਂ ਦੀ ਦੁਨੀਆ ਵਿੱਚ ਰਹਿਣ ਦੀ ਆਗਿਆ ਦਿੱਤੀ। ਮੈਂ ਹਰ ਰੋਜ਼ ਆਪਣੀਆਂ ਅਸੀਸਾਂ ਗਿਣਨ ਦੀ ਆਦਤ ਵਿਕਸਤ ਕੀਤੀ ਹੈ, ਜੋ ਕਿ ਮੇਰੀ ਕੀਮਤੀ ਸੰਪਤੀ ਬਣ ਗਈ ਹੈ। ਮੈਨੂੰ ਇਹ ਸਵੀਕਾਰ ਕਰਦੇ ਹੋਏ ਅਫਸੋਸ ਹੈ ਕਿ ਮੇਰੇ ਕੋਲ ਮੌਤ ਦੇ ਡਰ ਤੋਂ ਬਾਅਦ ਜੀਣ ਦਾ ਕੋਈ ਤਰੀਕਾ ਨਹੀਂ ਸੀ।

ਮਨੁੱਖੀ ਜੀਵਨ ਵਿੱਚ ਆਉਣ ਵਾਲੇ ਹਾਦਸੇ ਵੀ ਪ੍ਰਗਟ ਹੋਣ ਦਾ ਸੁਨੇਹਾ ਹੋ ਸਕਦੇ ਹਨ। ਹਰ ਘਟਨਾ ਦੇ ਚਮਕਦਾਰ ਪੱਖ ਨੂੰ ਦੇਖਣ ਦੀ ਆਦਤ ਇੱਕ ਵੱਡੀ ਆਮਦਨ ਨਾਲੋਂ ਵੱਧ ਕੀਮਤੀ ਹੈ।

ਇਸ ਵਾਕ ਨੇ ਬੁੱਧੀ ਦੇ ਦਰਿਆ ਨੂੰ ਇੱਕ ਘੜੇ ਵਿੱਚ ਬੰਦ ਕਰ ਦਿੱਤਾ ਹੈ ਕਿ, ਜ਼ਿੰਦਗੀ ਵਿੱਚ ਸਿਰਫ ਦੋ ਹੀ ਟੀਚੇ ਹਨ, ਪਹਿਲਾ ਜੋ ਤੁਸੀਂ ਚਾਹੁੰਦੇ ਹੋ ਉਸਨੂੰ ਪ੍ਰਾਪਤ ਕਰਨਾ ਅਤੇ ਦੂਜਾ ਇਸਦਾ ਆਨੰਦ ਮਾਣਨਾ। ਸਿਰਫ਼ ਸਿਆਣੇ ਲੋਕ ਹੀ ਦੂਜਾ ਟੀਚਾ ਪ੍ਰਾਪਤ ਕਰ ਸਕਦੇ ਹਨ। ਜੇਕਰ ਤੁਸੀਂ ਆਪਣੀਆਂ ਚਿੰਤਾਵਾਂ ਨੂੰ ਦੂਰ ਕਰਕੇ ਇੱਕ ਨਵੀਂ ਜ਼ਿੰਦਗੀ ਸ਼ੁਰੂ ਕਰਨਾ ਚਾਹੁੰਦੇ ਹੋ, ਤਾਂ ਆਪਣੀਆਂ ਮੁਸੀਬਤਾਂ ਨੂੰ ਨਹੀਂ ਸਗੋਂ ਆਪਣੇ ਅਸੀਸਾਂ ਨੂੰ ਗਿਣੋ।

## ਟੀ ਟੀ ਫ਼ਿਲਮ ਪ੍ਰੋਡਕਸ਼ਨ ਆਪਣੀ ਨਵੀ ਪੰਜਾਬੀ ਫੀਚਰ ਫ਼ਿਲਮ "ਅਸੀ ਕੁੜੀਆਂ ਪੰਜਾਬ ਦੀਆਂ" ਦਾ ਮਹੂਰਤ ਕੀਤਾ ਗਿਆ :- ਡਾਇਰੈਕਟਰ 'ਸਿਵਮ ਸ਼ਰਮਾਂ'

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ

"ਟੀ ਟੀ ਫ਼ਿਲਮ ਪ੍ਰੋਡਕਸ਼ਨ" ਵਲੋਂ ਪੰਜਾਬੀ ਫੀਚਰਫ਼ਿਲਮ "ਬ੍ਰੈਡ ਐਂਡ ਬੱਟਰ" ਦੀ ਸ਼ੂਟਿੰਗ ਕੰਪਲੀਟ ਹੋਣ ਤੋਂ ਬਾਅਦ ਆਪਣੀ ਨਵੀ ਪੰਜਾਬੀ ਫੀਚਰ ਫ਼ਿਲਮ "ਅਸੀ ਕੁੜੀਆਂ ਪੰਜਾਬ ਦੀਆਂ" ਦਾ ਮਹੂਰਤ ਕੀਤਾ ਗਿਆ | ਇਸ ਫਿਲਮ ਨੂੰ 'ਪੀ ਐਸ ਸਿੱਧੂ' ਅਤੇ 'ਐਨ ਕੇ ਸਿੱਧੂ' ਪ੍ਰੋਡਿਊਸ ਕਰ ਰਹੇ ਹਨ | ਪ੍ਰੋਡਿਊਸਰ 'ਪੀ ਐਸ ਸਿੱਧੂ ਜੀ' ਨੇ ਦੱਸਿਆ ਕਿ ਉਨ੍ਹਾਂ ਦੀ "ਬ੍ਰੈਡ ਐਂਡ ਬੱਟਰ" ਮੂਵੀ ਦਾ ਸਾਰਾ ਕੰਮ ਕੰਪਲੀਟ ਹੋ ਚੁੱਕਾ ਹੈ, "ਬ੍ਰੈਡ ਐਂਡ ਬੱਟਰ" ਫਿਲਮ ਬਹੁਤ ਜਲਦ ਦਰਸ਼ਕਾਂ ਦੇ ਰੂਬਰੂ ਹੋਵੇਗੀ|




ਇਸ ਫਿਲਮ ਨੂੰ ਮੰਨੇ ਪ੍ਰਮੰਨੇ ਡਾਇਰੈਕਟਰ ਸ਼ਿਵਮ ਸ਼ਰਮਾ ਜੀ ਡਾਇਰੈਕਟ ਕਰ ਰਹੇ ਹਨ | ਫਿਲਮ ਦੇ ਐਸੋਸੀਏਟ ਡਾਇਰੈਕਟਰ 'ਸ਼ਿਖਾ ਸ਼ਰਮਾ ਜੀ' ਹੋਣਗੇ | ਇਸ ਫਿਲਮ ਦੀ ਕਹਾਣੀ ਪੰਜਾਬੀ ਦੇ ਪ੍ਰਸਿੱਧ ਲੇਖਕ 'ਬਲਜੀਤ ਬਾਵਾ ਜੀ' ਨੇ ਲਿਖੀ ਹੈ |

ਡਾਇਰੈਕਟਰ 'ਸ਼ਿਵਮ ਸ਼ਰਮਾ ਜੀ' ਨੇ ਦੱਸਿਆ ਕਿ ਫਿਲਮ ਦੀ ਕਹਾਣੀ ਸਾਹਸੀ ਕੁੜੀਆਂ ਦੇ ਇਰਦ ਗਿਰਦ ਘੁੰਮਦੀ ਹੈ | ਉਨ੍ਹਾਂ ਕਿਹਾ ਕੇ ਹੁਣ ਕੁੜੀਆਂ ਸਿਰਫ ਚਿੜੀਆਂ ਹੀ ਨਹੀਂ ਸਗੋ ਲੋੜ ਪੈਣ ਤੇ ਬਾਜ ਬਣ ਵੱਡੀਆ ਵੱਡੀਆ ਮੁਸ਼ਕਲਾਂ ਨਾਲ ਟਕਕਾਉਣ ਲਈ ਖੜ੍ਹ ਜਾਦੀਆਂ | ਜਿਵੇ ਕੇ ਫਿਲਮ ਦੀ ਟੈਗ ਲਾਈਨ "ਹੁਣ ਅਵਾਜ ਨਹੀਂ ਦਹਾੜ ਸੁਣੇਗੀ ਦੁਨੀਆਂ" ਤੋਂ ਹੀ ਤੋਂ ਪਤਾ ਚਲਦਾ ਹੈਂ | ਡਾਇਰੈਕਟਰ 'ਸ਼ਿਵਮ ਸ਼ਰਮਾ ਜੀ' ਨੇ ਦੱਸਿਆ ਹੈਂ ਕਿ ਫਿਲਮ ਵਿਚ ਪੰਜਾਬੀ ਇੰਡਸਟਰੀ ਦੇ ਮੰਝੇ ਅਦਾਕਾਰ ਆਪਣੀ ਬਾਕਮਾਲ ਅਦਾਕਾਰੀ ਨਾਲ ਰੰਗ ਬਨਣਗੇ ਤੇ ਦਰਸ਼ਕਾਂ ਦਾ ਮਨੋਰੰਜਨ ਕਰਨਗੇ | ਫਿਲਮ ਦੇ ਲਾਈਨ ਪ੍ਰੋਡਿਊਸਰ 'ਗੁਰਮੀਤ ਦਮਨ ਜੀ' ਨੇ ਦੱਸਿਆ ਕਿ ਫਿਲਮ ਦੀ ਸ਼ੂਟਿੰਗ ਅੰਮ੍ਰਿਤਸਰ, ਬਠਿੰਡਾ, ਚੰਡੀਗੜ੍ਹ , ਮੋਹਾਲੀ ਅਤੇ ਪੰਜਾਬ ਦੀਆਂ ਵੱਖ ਵੱਖ ਖੂਬਸੂਰਤ ਲੋਕੇਸ਼ਨਾਂ ਤੇ ਜਲਦੀ ਹੀ ਸ਼ੁਰੂ ਹੋ ਜਾਵੇਗੀ | ਇਹ ਪੰਜਾਬੀ ਫੀਚਰ ਫ਼ਿਲਮ ਅਜੋਕੀ ਪੀੜ੍ਹੀ ਨੂੰ ਖੂਬਸੂਰਤ ਮੈਸੇਜ ਦੇਵੇਗੀ । ਆਮੀਨ